ੴ ਵਾਹਿਗੁਰੂ ਜੀ ਕੀ ਫ਼ਤਹਿ॥

# ਗੁਰਮਤਿ ਪ੍ਰਸਾਰ ਪੱਤਰ

ਲੜੀ/ਅੰਕ ਨੰ: 20/01 ਜਨਵਰੀ 2020 – ਨਾਨਕਸ਼ਾਹੀ ਪੋਹ-ਮਾਘ 551

## ਇਤਿਹਾਸਿਕ ਦਿਹਾੜੇ

### ਜਨਵਰੀ ਅਤੇ ਫਰਵਰੀ 2020

| | |
|---|---|
| ਪ੍ਰਕਾਸ਼ ਪੁਰਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ | 2 ਜਨਵਰੀ |
| ਚਾਬੀਆਂ ਦਾ ਮੋਰਚਾ | 14 ਜਨਵਰੀ |
| ਨੀਹ ਪੱਥਰ ਸ੍ਰੀ ਹਰਿਮੰਦਰ ਸਾਹਿਬ | 20 ਜਨਵਰੀ |
| ਜਨਮ ਦਿਹਾੜਾ ਬਾਬਾ ਦੀਪ ਸਿੰਘ ਜੀ | 27 ਜਨਵਰੀ |
| ਜਨਮ ਦਿਹਾੜਾ ਭਗਤ ਰਵਿਦਾਸ ਜੀ | 9 ਫਰਵਰੀ |
| ਵੱਡਾ ਘੱਲੂਘਾਰਾ , ਕੁੱਪ-ਰਹੀੜਾ (ਸੰਗਰੂਰ) | 9 ਫਰਵਰੀ |
| ਜਨਮ ਦਿਹਾੜਾ ਸਾਹਿਬਜ਼ਾਦਾ ਅਜੀਤ ਸਿੰਘ ਜੀ | 12 ਫਰਵਰੀ |
| ਸਾਕਾ ਨਨਕਾਣਾ ਸਾਹਿਬ (ਪਾਕਿਸਤਾਨ) | 21 ਫਰਵਰੀ |
| ਜੈਤੋ ਦਾ ਮੋਰਚਾ (ਫਰੀਦਕੋਟ ) | 21 ਫਰਵਰੀ |

www.gurmatparsar.com

ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.)

ਰਜਿਸਟਰਡ ਆਫਿਸ : #1444, ਸੈਕਟਰ 34-ਸੀ, ਚੰਡੀਗੜ੍ਹ ਫੋਨ: 98761-77803
ਕਾਰਜਕਾਰੀ ਦਫਤਰ : ਗੁਰਮਤਿ ਪ੍ਰਸਾਰ ਭਵਨ, ਛੱਜੂਮਾਜਰਾ ਰੋਡ,
ਸੰਨੀ ਇਨਕਲੇਵ ਦੇ ਸਾਹਮਣੇ, ਮੁੰਡੀ ਖਰੜ, ਫੋਨ: 0160-5009844, 94171-90438
Join us at Facebook or mail at : gurmatparsar7@gmail.com

# ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ (ਜੀਵਨ ਜੁਗਤਿ)

ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥
ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ ॥
ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ ॥
ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ ॥
ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥
ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ ॥
ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ ॥
ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਨੁ ॥
ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ ॥੧੨॥

ਮਾਝ ਬਾਰਹਮਾਹਾ (ਮਃ ੫) ਅੰਗ ੧੩੫

**ਪਦ ਅਰਥ**:- ਮਾਘ-ਮਾਘ ਨਖ੍ਹਤ੍ਰ ਵਾਲੀ ਪੂਰਨਮਾਸੀ ਦਾ ਮਹੀਨਾ । ਮਾਘਿ-ਮਾਘ ਮਹੀਨੇ ਵਿੱਚ । {ਨੋਟ :-ਇਸ ਮਹੀਨੇ ਦਾ ਪਹਿਲਾ ਦਿਨ ਹਿੰਦੂ-ਸ਼ਾਸਤ੍ਰਾਂ, ਅਨੁਸਾਰ ਬੜਾ ਪਵਿਤ੍ਰ ਹੈ, ਹਿੰਦੂ ਸੱਜਣ ਮਾਘੀ ਵਾਲੇ ਦਿਨ ਪ੍ਰਯਾਗ ਤੀਰਥ ਤੇ ਇਸ਼ਨਾਨ ਕਰਨਾ ਬਹੁਤ ਪੁੰਨ ਕੰਮ ਸਮਝਦੇ ਹਨ}। ਮਜਨੁ-ਚੁੱਭੀ । ਦਾਨੁ-ਨਾਮੁ ਦਾ ਦਾਨ । ਜਨਮ ਕਰਮ ਮਲੁ-ਕਈ ਜਨਮਾਂ ਦੇ ਕੀਤੇ ਕਰਮਾਂ ਤੋਂ ਪੈਦਾ ਹੋਈ ਵਿਕਾਰਾਂ ਦੀ ਮੈਲ । ਗੁਮਾਨੁ-ਅਹੰਕਾਰ । ਕਾਮਿ-ਕਾਮ ਵਿੱਚ । ਕਰੋਧਿ-ਕ੍ਰੋਧ ਵਿੱਚ । ਮੋਹੀਐ-ਠੱਗੇ ਜਾਈਦਾ । ਸੁਆਨੁ-ਕੁੱਤਾ । ਮਾਰਗਿ-ਰਸਤੇ ਉੱਤੇ । ਉਸਤਤਿ-ਸੋਭਾ। ਅਠਸਠਿ-ਅਠਾਹਠ । ਪਰਵਾਨੁ-ਮੰਨਿਆ-ਪ੍ਰਮੰਨਿਆ(ਧਾਰਮਿਕ ਕੰਮ)। ਕਰਿ-ਕਰ ਕੇ । ਸੁਜਾਨੁ-ਸਿਆਣਾ । ਕਾਂਢੀਅਹਿ-ਆਖੇ ਜਾਂਦੇ ਹਨ ।

**ਅਰਥ**:- ਮਾਘ ਵਿੱਚ (ਮਾਘੀ ਵਾਲੇ ਦਿਨ ਲੋਕ ਪ੍ਰਯਾਗ ਆਦਿਕ ਤੀਰਥਾਂ ਤੇ ਇਸ਼ਨਾਨ ਕਰਨਾ ਬੜਾ ਪੁੰਨ ਸਮਝਦੇ ਹਨ, ਪਰ ਤੂੰ ਹੇ ਭਾਈ !) ਗੁਰਮੁਖਾਂ ਦੀ ਸੰਗਤਿ ਵਿੱਚ (ਬੈਠ, ਇਹੀ ਹੈ ਤੀਰਥਾਂ ਦਾ) ਇਸ਼ਨਾਨ, ਉਹਨਾਂ ਦੀ ਚਰਨ ਧੂੜ ਵਿੱਚ ਇਸ਼ਨਾਨ ਕਰ (ਨਿਮ੍ਰਤਾ-ਭਾਵ ਨਾਲ ਗੁਰਮੁਖਾਂ ਦੀ ਸੰਗਤਿ ਕਰ, ਉਥੇ) ਪਰਮਾਤਮਾ ਦਾ ਨਾਮ ਜਪ, ਪਰਮਾਤਮਾ ਦੀ ਸਿਫ਼ਤਿ-ਸਾਲਾਹ ਸੁਣ, ਹੋਰ ਸਭਨਾਂ ਨੂੰ ਇਹ ਨਾਮ ਦੀ ਦਾਤਿ ਵੰਡ, (ਇਸ ਤਰ੍ਹਾਂ) ਕਈ ਜਨਮਾਂ ਦੇ ਕੀਤੇ ਕਰਮਾਂ ਤੋਂ ਪੈਦਾ ਹੋਈ ਵਿਕਾਰਾਂ ਦੀ ਮੈਲ (ਤੇਰੇ ਮਨ ਤੋਂ) ਲਹਿ ਜਾਇਗੀ, ਤੇਰੇ ਮਨ ਵਿਚੋਂ ਅਹੰਕਾਰ ਦੂਰ ਹੋ ਜਾਇਗਾ ।

(ਸਿਮਰਨ ਦੀ ਬਰਕਤਿ ਨਾਲ) ਕਾਮ ਵਿੱਚ ਕ੍ਰੋਧ ਵਿੱਚ ਨਹੀਂ ਫਸੀਦਾ, ਲੋਭ-ਕੁੱਤਾ ਭੀ ਮੁੱਕ ਜਾਂਦਾ ਹੈ (ਲੋਭ,ਜਿਸ ਦੇ ਅਸਰ ਹੇਠ ਮਨੁੱਖ ਕੁੱਤੇ ਵਾਂਗ ਦਰ ਦਰ ਤੇ ਭਟਕਦਾ ਹੈ) । ਇਸ ਸੱਚੇ ਰਸਤੇ ਉੱਤੇ ਤੁਰਿਆਂ ਜਗਤ ਦੀ ਸੋਭਾ ਕਰਦਾ ਹੈ । ਅਠਾਹਠ ਤੀਰਥਾਂ ਦਾ ਇਸ਼ਨਾਨ, ਸਾਰੇ ਪੁੰਨ ਕਰਮ, ਜੀਵਾਂ ਉੱਤੇ ਦਇਆ ਕਰਨੀ ਜੋ ਧਾਰਮਿਕ ਕੰਮ ਮੰਨੀ ਗਈ ਹੈ (ਇਹ ਸਭ ਕੁਝ ਸਿਮਰਨ ਦੇ ਵਿੱਚ ਹੀ ਆ ਜਾਂਦਾ ਹੈ) ।

ਪਰਮਾਤਮਾ ਕਿਰਪਾ ਕਰ ਕੇ ਜਿਸ ਮਨੁੱਖ ਨੂੰ (ਸਿਮਰਨ ਦੀ ਦਾਤਿ) ਦੇਂਦਾ ਹੈ, ਉਹ ਮਨੁੱਖ (ਜ਼ਿੰਦਗੀ ਦੇ ਸਹੀ ਰਸਤੇ ਦੀ ਪਛਾਣ ਵਾਲਾ) ਸਿਆਣਾ ਹੋ ਜਾਂਦਾ ਹੈ ।

ਹੇ ਨਾਨਕ ! (ਆਖ-) ਜਿਨ੍ਹਾਂ ਨੂੰ ਪਿਆਰਾ ਪ੍ਰਭੂ ਮਿਲ ਪਿਆ ਹੈ, ਮੈਂ ਉਹਨਾਂ ਤੋਂ ਸਦਕੇ ਹਾਂ । ਮਾਘ ਮਹੀਨੇ ਵਿੱਚ ਸਿਰਫ਼ ਉਹੀ ਸੁੱਚੇ ਬੰਦੇ ਆਖੇ ਜਾਂਦੇ ਹਨ, ਜਿਨ੍ਹਾਂ ਉੱਤੇ ਪੂਰਾ ਸਤਿਗੁਰੂ ਦਇਆਵਾਨ ਹੁੰਦਾ ਹੈ (ਤੇ ਜਿਨ੍ਹਾਂ ਨੂੰ ਸਿਮਰਨ ਦੀ ਦਾਤਿ ਦੇਂਦਾ ਹੈ) । ੧੨।

---

## ਵਧਾਈ ਨਵਾਂ ਸਾਲ 2020 ਵਧਾਈ

**ਮਾਹਾ ਰੁਤੀ ਸਭ ਤੂੰ ਘੜੀ ਮੂਰਤ ਵੀਚਾਰਾ ॥**
**ਤੂੰ ਗਣਤੈ ਕਿਨੈ ਨ ਪਾਇਓ ਸਚੇ ਅਲਖ ਅਪਾਰਾ ॥**
**ਮਾਝ ਕੀ ਵਾਰ (ਮਃ ੧) - ਅੰਗ ੧੪੦**

ਹੇ ਸਦਾ ਥਿਰ ਰਹਿਣ ਵਾਲੇ, ਅਦ੍ਰਿਸ਼ਟ ਅਤੇ ਬੇਅੰਤ ਪ੍ਰਭੂ ਤੇਰੀ ਕੁਦਰਤ ਦਾ ਕਿਸੇ ਨੇ ਵੀ ਗਿਨਤੀਆਂ ਨਾਲ ਅੰਤ ਨਹੀਂ ਪਾਇਆ । ਮਹੀਨਿਆਂ, ਰੁਤਾਂ, ਘੜੀਆਂ, ਮਹੂਰਤਾਂ ਵਿੱਚ ਕੇਵਲ ਤੂੰ ਹੈ । ਇਸ ਕਰਕੇ ਤੇਰੀ ਯਾਦ ਵਿੱਚ ਪਲ-ਪਲ ਗੁਜ਼ਾਰਨਾ ਮਨੁੱਖ ਦੇ ਜੀਵਨ ਦਾ ਮਨੋਰਥ ਹੈ । ਗੁਰਬਾਣੀ ਉਪਦੇਸ਼ ਦਿੰਦੀ ਹੈ ਕਿ ਇਹ ਜੀਵਨ ਪਲ-ਪਲ ਕਰਕੇ ਬਤੀਤ ਹੁੰਦਾ ਜਾਂਦਾ ਹੈ ਪਰ ਮਨੁੱਖ ਨੂੰ ਇਸ ਦੀ ਸੋਝੀ ਹੀ ਨਹੀਂ ਹੁੰਦੀ। ਫੁਰਮਾਨ ਹੈ -

**ਬਹਤੀ ਜਾਤ ਕਦੇ ਦ੍ਰਿਸਟਿ ਨ ਧਾਰਤ ॥**
**ਮਿਥਿਆ ਮੋਹ ਬੰਧਹਿ ਨਿਤ ਪਾਰਚ ॥੧॥ ਸੂਹੀ (ਮਃ ੫) ਅੰਗ ੭੪੩**

ਇਸ ਲਈ ਮਨੁੱਖ ਨੂੰ ਗੁਰੂ ਮਹਾਰਾਜ ਹਰ ਵੇਲੇ ਪ੍ਰਭੂ ਨੂੰ ਯਾਦ ਰੱਖਣ ਦਾ ਉਪਦੇਸ਼ ਕਰਦੇ ਹਨ, ਨਾਲ ਹੀ ਚਿਤਾਵਨੀ ਵੀ ਦਿੰਦੇ ਹਨ ਕਿ ਮਨੁੱਖ ਦੇ ਜੀਵਨ ਦਾ, ਉਸ ਦੇ ਸਵਾਸਾਂ ਦਾ ਕੋਈ ਭਰੋਸਾ ਨਹੀਂ, ਅਗਲਾ ਸਵਾਸ ਆਵੇ ਕਿ ਨ ਆਵੇ ਫੁਰਮਾਨ ਹੈ -

**ਹਰਿ ਜਪਦਿਆ ਖਿਨੁ ਢਿਲ ਨ ਕੀਜਈ ਮੇਰੀ ਜਿੰਦੁੜੀਏ**
**ਮਤੁ ਕਿ ਜਾਪੈ ਸਾਹੁ ਆਵੈ ਕਿ ਨ ਆਵੈ ਰਾਮ ॥**

**ਬਿਹਾਗੜਾ (ਮਃ ੪) – ਅੰਗ ੫੪੦**

ਪਰ ਮਨੁੱਖ ਅਪਣੇ ਸੁਭਾਉ ਮੁਤਾਬਕ ਪ੍ਰਭੂ ਨੂੰ ਭੁੱਲ ਜਾਂਦਾ ਹੈ ਅਤੇ ਮਾਇਆ ਦੇ ਪਸਾਰੇ, ਮਾਇਆ ਦੇ ਚਮਕਦੇ ਦ੍ਰਿਸ਼ ਨੂੰ ਵੇਖ ਇਸੇ ਨੂੰ ਜੀਵਨ ਸਮਝ ਬੈਠਦਾ ਹੈ।

ਉਪਰੋਕਤ ਨੂੰ ਮੁੱਖ ਰਖਦਿਆਂ ਅੱਜ ਲੋੜ ਹੈ ਸਾਨੂੰ ਅਪਣੇ ਅੰਦਰ ਝਾਤ ਮਾਰਨ ਦੀ ਕਿ ਬੀਤੇ 2019 ਸਾਲ ਦੌਰਾਨ ਅਸੀਂ, ਪ੍ਰਭੂ ਦੀ ਯਾਦ ਵਿੱਚ ਰਹਿੰਦੇ ਕੀ, ਖਟਿਆ ਤੇ ਕੀ ਗਵਾਇਆ ਹੈ ਅਤੇ ਉਸ ਤੋਂ ਸੇਧ ਪ੍ਰਾਪਤ ਕਰਕੇ ਸਾਲ 2020 ਨੂੰ ਜੀ ਆਇਆ ਨੂੰ ਆਖਦਿਆਂ, ਸਾਲ ਦੀ ਆਮਦ ਦੀ ਖੁਸ਼ੀ ਵਿੱਚ ਜੀਵਨ ਨੂੰ ਕਿੰਵੇਂ ਬਤੀਤ ਕਰਨਾ ਹੈ।

ਜਦੋਂ ਅਪਣੇ ਆਲੇ ਦੁਆਲੇ ਝਾਤ ਮਾਰਦੇ ਹਾਂ ਤਾਂ ਇੱਕ ਅਨੋਖਾ ਹੀ ਦ੍ਰਿਸ਼ ਸਾਹਮਣੇ ਆਉਂਦਾ ਹੈ। ਮਨੁੱਖ ਇਹ ਗੱਲ ਤਾਂ ਨਵੇਂ ਸਾਲ ਦੀ ਖੁਸ਼ੀ ਵਿੱਚ ਭੁਲ ਹੀ ਜਾਂਦਾ ਹੈ ਕਿ ਜਿਸਨੂੰ **ਅਸੀਂ ਸਾਲ ਪਹਿਲਾਂ ਨਵਾਂ ਕਿਹਾ ਸੀ ਉਹ ਅੱਜ ਪੁਰਾਨਾ ਹੋ ਗਿਆ ਹੈ।** ਉਸ ਦੀ ਕੀਮਤ ਨਹੀਂ ਰਹੀ। ਮਨੁੱਖ ਦੇ ਸੁਭਾਉ ਅਨੁਸਾਰ ਉਹ ਨਵੀਂ ਚੀਜ਼ ਦੀ ਭਾਲ ਕਰਦਾ ਹੈ ਅਤੇ ਜੋ ਉਸ ਨੇ ਪਹਿਲੇ ਪ੍ਰਾਪਤ ਕੀਤੀ ਹੈ ਉਸਨੂੰ ਨਕਾਰਦਾ ਚਲਾ ਜਾਂਦਾ ਹੈ। ਇਹ ਗੱਲ ਉਸ ਨੂੰ ਸਮਝ ਨਹੀਂ ਆਉਂਦੀ ਕਿ ਸੰਸਾਰ ਵਿੱਚ ਕੁਝ ਵੀ ਨਵਾਂ ਰਹਿਣ ਵਾਲਾ ਨਹੀਂ। ਜੋ ਅੱਜ ਨਵਾਂ ਹੈ ਉਹ ਕਲ ਪੁਰਾਨਾ ਹੋ ਜਾਵੇਗਾ ਇਸ ਲਈ ਮਨੁੱਖ ਨੂੰ ਲੋੜ ਹੈ ਉਸ ਨਾਲ ਜੁੜਨ ਦੀ ਜੋ ਕਦੀ ਪੁਰਾਨਾ ਨਹੀਂ ਹੁੰਦਾ ਅਤੇ ਉਹ ਹੈ ਪ੍ਰਭੂ ਪ੍ਰਮਾਤਮਾ। ਗੁਰਬਾਣੀ ਦਾ ਫੁਰਮਾਨ ਹੈ–

**ਸਾਹਿਬ ਮੇਰਾ ਨੀਤ ਨਵਾ ਸਦਾ ਸਦਾ ਦਾਤਾਰੁ ॥**

ਇਸ ਲਈ ਆਓ ਅਪਣੇ ਜੀਵਨ ਨੂੰ ਸਫਲਾ ਕਰੀਏ। ਇੱਕ ਦੂਸਰੇ ਨੂੰ ਵਧਾਈਆਂ ਦੇਣ ਦੇ ਨਾਲ ਉਸ ਅਕਾਲ ਪੁਰਖ ਅਗੇ ਅਰਦਾਸ ਕਰੀਏ ਕਿ ਉਹ ਸਾਡੇ ਤੇ ਮੇਹਰ ਕਰਕੇ ਸਾਨੂੰ ਸਾਲ 2020 ਦੌਰਾਨ ਅਪਣੇ ਨਾਮ ਨਾਲ ਜੋੜ ਕੇ ਬਤੀਤ ਕਰਵਾਏ। ਅਪਣੀ ਬਖਸ਼ਿਸ਼ ਕਰੇ ਕਿ ਸਾਡਾ ਹਰ ਪਲ ਉਸ ਦੀ ਯਾਦ ਵਿੱਚ ਗੁਜ਼ਰੇ। ਸੰਸਾਰ ਦੇ ਕਾਰਜ ਕਰਦਿਆਂ ਐਸੀ ਅਵਸਥਾ ਬਣ ਜਾਵੇ ਕਿ –

**ਊਠਤ ਬੈਠਤ ਸੋਵਤ ਧਿਆਈਐ ॥**
**ਮਾਰਗਿ ਚਲਤ ਹਰੇ ਹਰਿ ਗਾਈਐ ॥੧॥ ਆਸਾ (ਮਃ ੫) ਅੰਗ ੩੮੬**

**ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ ॥**

ਨਰਿੰਦਰ ਬੀਰ ਸਿੰਘ

# ਵਾਹ-ਵਾਹ ਗੋਬਿੰਦ ਸਿੰਘ ਆਪੇ ਗੁਰੂ ਚੇਲਾ

**ਗੁਰਸਿਖਾ ਮਨਿ ਵਾਧਾਈਆ ਜਿਨ ਮੇਰਾ ਸਤਿਗੁਰੂ ਡਿਠਾ ਰਾਮ ਰਾਜੇ ॥**
**ਆਸਾ (ਮਃ ੪) - ਅੰਗ ੪੫੧**

ਧੰਨ-ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਪ੍ਰਕਾਸ਼ ਪੁਰਬ 2 ਜਨਵਰੀ 2020 ਨੂੰ ਹੈ। ਜਿਸਨੂੰ ਸਮੂਹ ਸਿੱਖ ਸੰਗਤ ਬੜੇ ਪਿਆਰ ਅਤੇ ਉਤਸ਼ਾਹ ਨਾਲ ਮਨਾਉਣ ਲਈ ਉਪਰਾਲੇ ਕਰ ਰਹੀ ਹੈ। ਸਾਰੇ ਹੀ ਵਧਾਈ ਦੇ ਪਾਤਰ ਹਨ।

ਗੁਰੂਆਂ ਦੇ ਪੁਰਬ ਅਸੀਂ ਜੀਵਨ ਪ੍ਰਯੰਤ ਮਨਾਉਂਦੇ ਰਹਿੰਦੇ ਹਾਂ ਪਰ ਗੁਰੂ ਨੂੰ ਕਿਤਨਾ ਕੂੰ ਮਨਾਇਆ ਹੈ ਇਸ ਦੀ ਪੜਚੋਲ ਅਸੀਂ ਘੱਟ ਹੀ ਕੀਤੀ ਹੈ। ਗੁਰੂ ਸਾਡੇ ਕੀਤੇ ਬਾਹਰਲੇ ਕੰਮਾਂ ਨਾਲ ਪ੍ਰਸੰਨ ਨਹੀਂ ਹੁੰਦਾ। ਉਹ ਤਾਂ ਸਾਡੀ ਪਰਖ ਸਾਡੇ ਕੀਤੇ ਕਰਮਾਂ ਸਾਡੇ ਆਚਾਰ, ਸਾਡੇ ਵਿਚਾਰਾਂ ਵਿੱਚ ਗੁਰੂ ਦੇ ਉਪਦੇਸ਼ ਦੀ ਕਮਾਈ ਤੇ ਹੀ ਕਰਦਾ ਹੈ।

**ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ ॥**
**ਆਸਾ ਕੀ ਵਾਰ (ਮਃ ੧) - ਅੰਗ ੪੬੪**

ਅੱਜ ਲੋੜ ਇਸ ਗਲ ਨੂੰ ਘੋਖਣ ਦੀ ਹੈ ਕਿ ਗੁਰੂ ਸਾਡੀ ਸੋਚ ਵਿੱਚ ਕਿਤਨਾ ਕੂ ਹੈ। ਸਾਰਾ ਸੰਸਾਰ, ਸੰਸਾਰ ਦੇ ਸਾਰੇ ਕਾਰਜ, ਕਿਸੇ ਕੋਲੋਂ ਕੁਝ ਲੈਣਾ, ਦੇਣਾ, ਕਿਸੇ ਨਾਲ ਚੰਗਾ, ਮਾੜਾ ਵਿਵਹਾਰ, ਸਭ ਸਾਡੀ ਸੋਚ ਵਿੱਚ ਹਨ। ਸਾਡੀ ਸੋਚ ਵਿੱਚ ਕਾਮ, ਕ੍ਰੋਧ, ਲੋਭ, ਮੋਹ, ਕੂੜ ਅਹੰਕਾਰ ਤਾਂ ਸਭ ਕੁਝ ਭਰਿਆ ਪਿਆ ਹੈ ਪਰ ਸਾਡੀ ਸੋਚ ਵਿੱਚ ਗੁਰੂ ਨਹੀਂ, ਗੁਰੂ ਦਾ ਉਪਦੇਸ਼ ਨਹੀਂ।

ਸਾਡੀ ਸੋਚ ਵਿੱਚ ਗੁਰੂ ਦੀ ਘਾਟ ਨੇ ਹੀ ਸਾਡੇ ਵਿੱਚ ਵੰਡੀਆਂ ਪਾਈਆਂ ਹੋਈਆਂ ਹਨ। ਸਾਡੇ ਵਿੱਚੋਂ ਇੱਕ ਦੂਸਰੇ ਲਈ ਪਿਆਰ ਆਦਿ ਮੁਕਾ ਦਿੱਤਾ ਹੈ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸਾਡੇ ਤੇ ਅਥਾਹ ਬਖਸ਼ਿਸ਼ ਕਰਕੇ ਸਾਨੂੰ ਖਾਲਸਾ ਬਣਾਇਆ। ਆਪਣੇ ਸਾਰੇ ਗੁਰੂ ਵਾਲੇ ਗੁਣ ਖਾਲਸੇ ਵਿੱਚ ਭਰ ਦਿੱਤੇ ਅਤੇ ਆਪਣਾ ਰੂਪ ਬਖਸ਼ਿਆ, ਸਾਡੇ ਵਿੱਚੋਂ ਸਾਰੇ ਮਤ ਭੇਦ ਮੁਕਾ ਇੱਕ ਅਕਾਲ ਪੁਰਖ ਦਾ ਪੁਜਾਰੀ ਬਣਾਇਆ ਅਤੇ ਉਹ ਨਾਮ ਦਾ ਰੰਗ ਬਖਸ਼ਿਆ ਜਿਸਦੇ ਸਦਕਾ ਸਿੰਘਾਂ ਨੇ ਬੇਅੰਤ ਸ਼ਹੀਦੀਆਂ ਪ੍ਰਾਪਤ ਕੀਤੀਆਂ। ਅਫਸੋਸ ਕਿ ਅੱਜ ਅਸੀਂ ਗੁਰੂ ਦੇ ਉਪਕਾਰਾਂ ਨੂੰ ਭੁਲ ਕੇ ਕੇਵਲ ਤੇ ਕੇਵਲ ਆਪਣੇ ਅਹੰਕਾਰ ਨੂੰ ਕਾਇਮ ਰੱਖਣ ਦਾ ਯਤਨ ਕਰ ਰਹੇ ਹਾਂ।

ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੇ ਸ਼ੁਭ ਅਵਸਰ ਤੇ ਸਾਨੂੰ ਸਾਰਿਆਂ ਨੂੰ ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ" ॥੬॥ ਸਲੋਕ ਸ਼ੇਖ ਫਰੀਦ ਜੀ) - ਅੰਗ ੧੩੭੮ ਦੀ ਵੀਚਾਰ ਕਰਨੀ ਚਾਹੀਦੀ ਹੈ ਅਤੇ ਗੁਰੂ ਹੁਕਮਾਂ ਤੇ ਚਲ ਕੇ ਗੁਰੂ ਵਾਲਾ ਬਣਨਾ ਚਾਹੀਦਾ ਹੈਂ ਤਾਂ ਜੋ ਅਸੀਂ ਗੁਰੂ ਦੇ ਇਸ ਫੁਰਮਾਨ ਦਾ ਹਿੱਸਾ ਬਣ ਸਕੀਏ।

ਖਾਲਸਾ ਮੇਰੋ ਰੂਪ ਹੈ ਖਾਲਸਾ ॥ ਖਾਲਸਾ ਮਹਿ ਹੌ ਕਰੌ ਨਿਵਾਸ ॥

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ (ਵਿਜੈ ਪੱਤ੍ਰ)
# ਜ਼ਫਰਨਾਮਾ

**ਡਾ. ਕੁਲਦੀਪ ਸਿੰਘ ਧੀਰ**

ਸੰਕਟ-ਗ੍ਰਸੀ ਮਨੁਖਤਾ ਨੂੰ ਹਰ ਘੜੀ ਚੜ੍ਹਦੀ ਕਲਾ ਦਾ ਸੰਦੇਸ਼ ਦੇਣ ਵਾਲੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਾਰੀ ਉਮਰ ਜਬਰ ਜ਼ੁਲਮ ਤੇ ਹੈਂਕੜਸ਼ਾਹੀ ਨਾਲ ਦਲੇਰੀ ਭਰੇ ਸੰਗਰਾਮ ਲੜਣ ਵਿੱਚ ਬੀਤੀ। ਇਸ ਦੌਰਾਨ ਉਨ੍ਹਾਂ ਆਪਣੇ ਮਾਤਾ ਪਿਤਾ ਦੀ ਸ਼ਹਾਦਤ ਨੂੰ ਵੀ ਖਿੜੇ ਮੱਥੇ ਸਵੀਕਾਰ ਕੀਤਾ ਅਤੇ ਲਾਲਾਂ ਨੂੰ ਵੀ ਹੱਥੀਂ ਗਾਨੇ ਬੰਨ੍ਹ ਕੇ ਮੌਤ ਲਾੜੀ ਨੂੰ ਪਰਨਾਉਣ ਲਈ ਤੋਰਿਆ। ਜਾਬਰ ਮੁ.ਗਲ ਸਾਮਰਾਜ ਨਾਲ ਲੋਹਾ ਲੈ ਕੇ ਗੁਰੂ ਮਹਾਰਾਜ ਨੇ ਪੰਜਾਬ ਹੀ ਨਹੀਂ ਸਮੁਚੇ ਭਾਰਤ ਦਾ ਇਤਿਹਾਸ ਬਦਲ ਕੇ ਰੱਖ ਦਿੱਤਾ।

ਜਬਰ, ਜੁਲਮ ਵਿਰੁੱਧ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਾਂਤਮਈ ਟੱਕਰ ਉਪਰੰਤ, ਦਸਮ ਪਾਤਸ਼ਾਹ ਨੇ ਜ਼ਾਲਮਾਂ ਨੂੰ ਸੋਧਣ ਲਈ ਰਣਜੀਤ ਨਗਾਰੇ ਤੇ ਚੋਟ ਮਾਰੀ ਤੇ ਹੱਥ ਵਿੱਚ ਸ਼ਮਸ਼ੀਰ ਫੜਣ ਦਾ ਰਾਹ ਕੌਮ ਨੂੰ ਦੱਸਿਆ। ਲੋਕ ਵਿਰੋਧੀ ਸ਼ਕਤੀਆਂ, ਚਾਹੇ ਉਹ ਪਹਾੜੀ ਰਾਜੇ ਸਨ ਤੇ ਚਾਹੇ ਮੁ.ਗਲ, ਉਹ ਇੱਕਮੁੱਠ ਹੋ ਕੇ ਗੁਰੂ ਸਾਹਿਬ ਵਿਰੁੱਧ ਲਾਮਬੰਦ ਹੋ ਗਏ। ਇਸ ਕੰਮ ਵਿੱਚ ਪਹਿਲ ਪਹਾੜੀ ਰਾਜਿਆਂ ਨੇ ਹੀ ਕੀਤੀ। 1700 ਤੋਂ 1704 ਤੱਕ ਆਨੰਦਪੁਰ ਸਾਹਿਬ ਉੱਪਰ ਪੰਜ ਵਾਰ ਉਨ੍ਹਾਂ ਹੱਲੇ ਕੀਤੇ ਪਰ ਹਰ ਵਾਰ ਉਨ੍ਹਾਂ ਨੂੰ ਮੂੰਹ ਦੀ ਖਾਣੀ ਪਈ। ਹਾਰ ਕੇ ਉਹ ਔਰੰਗਜ਼ੇਬ ਕੋਲ ਪਿੱਟੇ। ਝੂਠੀਆਂ ਸੱਚੀਆਂ ਲੂਤੀਆਂ ਲਾ ਕੇ ਉਨ੍ਹਾਂ ਔਰੰਗਜ਼ੇਬ ਤੇ ਉਹਦੇ ਮੁ.ਗਲ ਸੂਬੇਦਾਰਾਂ ਦੀ ਮਦਦ ਲੈ ਕੇ ਖਾਲਸੇ ਨਾਲ ਫੈਸਲਾ-ਕੁਨ ਟੱਕਰ ਲੈਣ ਦਾ ਮਨ ਬਣਾਇਆ। ਮੁ.ਗਲਾਂ ਤੇ ਪਹਾੜੀ ਰਾਜਿਆਂ ਦੇ ਸਾਂਝੇ ਲਸ਼ਕਰ ਨੇ ਆਨੰਦਗੜ੍ਹ ਦੇ ਕਿਲ੍ਹੇ ਨੂੰ ਬੁਰੀ ਤਰ੍ਹਾਂ ਘੇਰ ਲਿਆ। ਕਿਲ੍ਹੇ ਵਿੱਚ ਰਾਸ਼ਨ ਪਾਣੀ ਪਹੁੰਚਣ ਦੇ ਸਾਧਨ ਵੀ ਬੰਦ ਕਰ ਦਿੱਤੇ। ਸਿੰਘ ਰੁੱਖਾਂ ਦੇ ਪੋਤਿਆਂ ਤੇ ਛਿਲੜਾਂ ਤੇ ਗੁਜਾਰਾ ਕਰ ਕੇ ਵੀ ਸਿਦਕ ਤੋਂ ਨਾ ਹਾਰੇ। ਮਹੀਨਿਆਂ ਬੱਧੀ ਘੇਰਾ ਪਿਆ ਰਿਹਾ। ਮੁ.ਗਲਾਂ ਤੇ ਪਹਾੜੀ ਰਾਜਿਆਂ ਨੇ ਕੁਰਾਨ, ਗਊ ਤੇ ਗੀਤਾ ਦੀਆਂ ਝੂਠੀਆਂ ਕਸਮਾਂ ਖਾ ਕੇ ਗੁਰੂ ਸਾਹਿਬ ਨੂੰ ਤਰਲਾ ਕੀਤਾ ਕਿ ਉਹ ਘੇਰਾ ਪਾਈ ਬੈਠੇ ਲਸ਼ਕਰ ਦੀ ਮੂੰਹ ਰੱਖਣੀ ਖਾਤਰ ਇੱਕ ਵਾਰ ਕਿਲ੍ਹਾ ਛੱਡ ਜਾਣ, ਕੋਈ ਉਨ੍ਹਾਂ ਨੂੰ ਕੁਝ ਨਹੀਂ ਕਹੇਗਾ। ਗੁਰੂ ਮਹਾਰਾਜ ਇਸ ਚਾਲ ਨੂੰ ਤੇ ਝੂਠੀਆਂ ਕਸਮਾਂ ਨੂੰ ਜਾਣਦੇ ਸਨ। ਉਨ੍ਹਾਂ ਕੂੜ ਕਬਾੜ ਤੇ ਨਿੱਕ ਸੁੱਕ ਭਰੇ ਗੱਡਿਆਂ, ਰੱਥਾਂ ਨੂੰ ਸਜਾ ਬਣਾ ਕੇ ਕਿਲ੍ਹੇ ਤੋਂ ਬਾਹਰ ਭੇਜ ਕੇ ਸਿੰਘਾਂ ਨੂੰ ਇਨ੍ਹਾਂ ਝੂਠੇ ਤੇ ਦੰਭੀ ਲੋਕਾਂ ਦੀਆਂ ਚਾਲਾਂ ਤੋਂ ਸੁਚੇਤ ਕਰਵਾਇਆ। ਕਿਲ੍ਹੇ ਤੋਂ ਬਾਹਰ ਨਿਕਲਦਿਆਂ ਹੀ ਮੁ.ਗਲ ਤੇ ਪਹਾੜੀ ਲਸ਼ਕਰ ਸਿੰਘਾਂ ਤੇ ਟੁੱਟ ਕੇ ਪੈ ਗਿਆ। ਜਦੋਂ ਉਨ੍ਹਾਂ ਹੱਥ ਕੂੜ ਕਬਾੜ ਤੋਂ ਸਿਵਾ ਕੁਝ ਨਾ ਲੱਗਾ ਤਾਂ ਉਹ ਛਿੱਥੇ ਵੀ ਪਏ ਤੇ ਆਪਣੀ ਕਾਹਲ ਤੇ ਪਛਤਾਏ ਵੀ ਬਹੁਤ। ਨਵੇਂ

ਸਿਰਿਉਂ ਕੁਰਾਨ ਤੇ ਆਟੇ ਦੀ ਗਊ ਦੀਆਂ ਕਸਮਾਂ ਖਾ ਖਾ ਉਨ੍ਹਾਂ ਫਿਰ ਤਰਲੇ ਕੀਤੇ। ਸਭ ਕੁਝ ਜਾਣਨਹਾਰ ਗੁਰੂ ਨੇ ਸੰਕਟ ਨਾਲ ਟੱਕਰ ਲੈਣ ਸਮੇਂ ਅਪਣਾਈ ਜਾਣ ਵਾਲੀ ਦ੍ਰਿੜ੍ਹਤਾ, ਸਵੈ-ਵਿਸ਼ਵਾਸ, ਹੌਸਲੇ ਤੇ ਕੁਰਬਾਨੀ ਦਾ ਪਾਠ ਪੜ੍ਹਾਣ ਲਈ ਕਿਲ੍ਹਾ ਖਾਲੀ ਕਰ ਦਿੱਤਾ। ਮੁੱਠੀ ਭਰ ਸਿੰਘਾਂ ਨਾਲ ਗੁਰੂ ਸਾਹਿਬ ਤੇ ਉਨ੍ਹਾਂ ਦਾ ਪਰਿਵਾਰ ਜੰਗਲਾਂ ਤੇ ਪਹਾੜਾਂ ਦੇ ਬਿਖੜੇ ਤੇ ਭਿਆਨਕ ਰਾਹਾਂ ਤੇ ਨਿਕਲ ਤੁਰਿਆ। ਇੱਕ ਪਾਸੇ ਝੂਠੀਆਂ ਕਸਮਾਂ ਖਾਣ ਵਾਲਾ ਲੱਖਾਂ ਦਾ ਲਸ਼ਕਰ, ਕਕਰਾਲੀ ਕਾਲੀ ਘੁੱਪ ਹਨੇਰੀ ਰਾਤ, ਉੱਚੇ ਨੀਵੇਂ ਪਹਾੜੀ ਰਾਹ, ਸ਼ੂਕਦੀ ਸਰਸਾ ਨਦੀ ਤੇ ਦੂਜੇ ਪਾਸੇ ਮੁੱਠੀ ਭਰ ਸਿੰਘ, ਇਸਤਰੀਆਂ ਤੇ ਮਾਸੂਮ ਬੱਚੇ। ਨੇਕੀ ਤੇ ਬਦੀ ਦੀ ਇਹੋ ਜਹੀ ਟੱਕਰ ਇਤਿਹਾਸ ਵਿੱਚ ਕਦੇ ਕਿਸੇ ਡਿੱਠੀ ਸੁਣੀ ਹੀ ਨਹੀਂ ਸੀ।

ਗੁਰੂ ਸਾਹਿਬ ਦਾ ਸਾਰਾ ਪਰਿਵਾਰ ਵਿਛੜ ਗਿਆ। ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਜੀ ਨੂੰ ਗੰਗੂ ਬ੍ਰਾਹਮਣ ਸਰਹੰਦ ਲੈ ਗਿਆ ਜਿੱਥੇ ਉਨ੍ਹਾਂ ਨੂੰ ਗੈਰ-ਇਨਸਾਨੀ ਤਰੀਕੇ ਨਾਲ ਸ਼ਹੀਦ ਕਰ ਦਿੱਤਾ ਗਿਆ। ਵੱਡੇ ਸਾਹਿਬਜ਼ਾਦੇ ਤੇ ਗੁਰੂ ਸਾਹਿਬ ਚਮਕੌਰ ਦੀ ਗੜ੍ਹੀ ਜਾ ਪੁੱਜੇ। ਵੱਡੇ ਸਾਹਿਬਜ਼ਾਦੇ ਉੱਥੇ ਸ਼ਹੀਦ ਹੋ ਗਏ। ਖਾਲਸੇ ਦੀ ਬੇਨਤੀ ਤੇ ਗੁਰੂ ਮਹਾਰਾਜ ਚਮਕੌਰ ਦੀ ਗੜ੍ਹੀ ਵੀ ਛੱਡ ਤੁਰੇ। ਸਿਆਲੇ ਦੀਆਂ ਠੰਢੀਆਂ ਰਾਤਾਂ, ਪਾਟੇ ਬਸਤਰ, ਨੰਗੇ ਪੈਰ, ਸੂਲਾਂ ਨਾਲ ਅੱਟੇ ਮਾਛੀਵਾੜੇ ਦੇ ਜੰਗਲ, ਉੱਤੇ ਨੀਲਾ ਅਸਮਾਨ ਜਾਂ ਕਾਲੇ ਬੱਦਲ ਅਤੇ ਹੇਠਾਂ ਮਿੱਟੀ ਦਾ ਬਿਸਤਰ ਤੇ ਜਾਂ ਇੱਟ ਦਾ ਸਿਰਹਾਣਾ। ਮਗਰ ਕੁਤਿਆਂ ਵਾਂਗ ਹਰਲ ਹਰਲ ਕਰਦੇ ਸਰਕਾਰੀ ਸੂਹੀਏ। ਗੁਰੂ ਸਾਹਿਬ ਇਸੇ ਹਾਲਤ ਵਿੱਚ ਦੀਨੇ ਕਾਂਗੜ ਵਿੱਚ ਪਹੁੰਚ ਗਏ।

ਦੀਨਾਂ ਤੇ ਕਾਂਗੜ ਉਂਜ ਭਾਵੇ ਦੋ ਜੁੜਵੇ ਪਿੰਡ ਹਨ, ਪਰ ਆਮ ਕਰ ਕੇ ਇੱਕੋ ਕਰ ਤੇ ਜਾਂਦੇ ਹਨ। ਇਸ ਇਤਿਹਾਸਕ ਸਥਾਨ ਤੇ ਹੀ ਗੁਰੂ ਸਾਹਿਬ ਨੂੰ ਔਰੰਗਜੇਬ ਦਾ ਸੁਲਾਹ ਕਰਨ ਲਈ ਇੱਕ ਸੁਨੇਹਾ ਤੇ ਖ਼ਤ ਮਿਲਿਆ। ਇਸ ਪੇਸ਼ਕਾਰ ਦੇ ਉੱਤਰ ਵਿੱਚ ਗੁਰੂ ਮਹਾਰਾਜ ਨੇ ਔਰੰਗਜ਼ੇਬ ਨੂੰ ਜੋ ਪੱਤਰ ਲਿਖਿਆ ਉਹ ਜ਼ਫਰਨਾਮਾ ਦੇ ਨਾਂ ਨਾਲ ਪ੍ਰਸਿੱਧ ਹੈ। ਇਸ ਪੱਤਰ ਵਿੱਚ ਉਨ੍ਹਾਂ ਨੇ ਔਰੰਗਜੇਬ ਦੇ ਪੱਤਰ ਤੇ ਪੇਸ਼ਕਸ਼ ਵੱਲ ਸੰਕੇਤ ਇਨ੍ਹਾਂ ਸ਼ਬਦਾਂ ਵਿੱਚ ਕੀਤਾ ਹੈ :-

ਨਵਿਸ਼ਤਹ ਰਸੀਦੋ ਬਗੁਫ਼ਤਾ ਜ਼ਬਾਂ।
ਬਬਾਯਦ ਕਿ ਈ ਕਾਰ ਰਾਹਤ ਰਸਾਂ।

ਭਾਵ, ਇਹ ਕਿ ਤੇਰਾ ਭੇਜਿਆ ਸੁਨੇਹਾ ਤੇ ਖਤ ਦੋਵੇਂ ਮਿਲ ਗਏ ਨੇ। ਚੰਗਾ ਹੋਵੇ ਕਿ ਤੂੰ ਇਹ ਕੰਮ ਸਿਰੇ ਚਾੜ੍ਹੇ।

ਉਪਰੋਕਤ ਸੰਕੇਤ ਦੇ ਨਾਲ ਹੀ ਉਨ੍ਹਾਂ ਔਰੰਗਜ਼ੇਬ ਨੂੰ ਇਹ ਵੀ ਕਿਹਾ ਕਿ ਮਰਦ

ਉਹੀ ਹੁੰਦਾ ਹੈ ਜੋ ਕੌਲ ਕਰਾਰ ਤੇ ਕੀਤੇ ਬਚਨਾਂ ਦਾ ਪੱਕਾ ਹੋਵੇ । ਜੋ ਦਿਲ ਵਿੱਚ ਹੋਵੇ ਉਹੀ ਮੂੰਹ ਤੋਂ ਕਹੇ :-

ਹਮੂੰ ਮਰਦ ਬਯਾਦ ਸਵਦ ਸੁਖਨਵਰ। ਨਾ ਸ਼ਿਕਮੇ ਦਿਗਰ ਦਰ ਦਹਾਨੇ ਦਿਗਰ ।

ਗੁਰੂ ਸਾਹਿਬ ਨੇ ਉਸ ਨੂੰ ਲਿਖਿਆ ਕਿ ਜੋ ਗੱਲਾਂ ਮੈਨੂੰ ਤੇਰੇ ਕਾਜ਼ੀ ਨੇ ਕਹੀਆ ਹਨ, ਉਹ ਤਾਂ ਠੀਕ ਹਨ । ਪਰ ਜੇ ਤੂੰ ਸੱਚਾ ਹੈ ਤਾਂ ਆਪ ਮੇਰੇ ਕੋਲ ਆ :-

ਕਿ ਕਾਜ਼ੀ ਮਰਾ ਗੁਫ਼ਤ ਬੇਰੂੰ ਨਯਮ ਅਗਰ ਰਾਸਤੀ ਖ਼ੁੱਦ ਬਯਾਰੀ ਕਦਮ ।

ਇਹੋ ਜਹੇ ਅਜਿਤ ਮਨ ਦੇ ਨਿਡਰ ਬੋਲ ਫਾਰਸੀ ਜ਼ਬਾਨ ਦੇ 1400 ਖ਼ੂਬਸੂਰਤ ਸ਼ਿਅਰਾਂ ਵਿੱਚ ਦਰਜ ਹੋਣ ਦੀ ਗਵਾਹੀ ਭਾਈ ਕੇਸਰ ਸਿੰਘ ਛਿੱਬਰ ਨੇ ਆਪਣੇ ਗ੍ਰੰਥ 'ਬਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ' ਵਿੱਚ ਦਰਜ਼ ਕੀਤੀ ਹੈ । ਇਹ ਵੱਡਾ ਪੱਤਰ ਇੱਕ ਗ੍ਰੰਥ ਰੂਪ ਬਣ ਗਿਆ । ਗੁਰੂ ਸਾਹਿਬ ਨੇ ਕਿਹਾ ਕਿ ਇਸ ਨੂੰ ਕੋਈ ਸਿੱਖ ਸੀਸ ਤਲੀ ਤੇ ਧਰ ਔਰੰਗਜ਼ੇਬ ਕੋਲ ਦੱਖਣ ਵਿੱਚ ਪੁਚਾਣ ਲਈ ਅੱਗੇ ਆਓ । ਇੱਹ ਕੰਮ ਭਾਈ ਦਇਆ ਸਿੰਘ ਨੇ ਆਪਣੇ ਸਿਰ ਲਿਆ । ਗ੍ਰੰਥ ਨੂੰ ਕੁਰਾਨ ਵਾਂਗ ਸਿਰ ਤੇ ਸਜਾ ਉਹ ਔਰੰਗਜ਼ੇਬ ਕੋਲ ਲੈ ਗਿਆ । ਔਰੰਗਾਬਾਦ ਜਾ ਕੇ ਉਸ ਨੇ ਬਾਦਸ਼ਾਹ ਦੇ ਚੋਬਦਾਰਾਂ ਨੂੰ ਕਿਹਾ ਕਿ ਮੈਂ ਮੱਕੇ ਤੋਂ ਕੁਰਾਨ ਸ਼ਰੀਫ਼ ਖਾਸ ਸ਼ਾਹ ਲਈ ਲਿਆਂਦਾ ਹੈ । ਬਾਦਸ਼ਾਹ ਨੇ ਇਸ ਨੂੰ ਚੁੰਮ ਚੱਟ ਕੇ ਖੋਲ੍ਹਿਆ ਤਾਂ ਅਸਲੀ ਗੱਲ ਦੇਖ ਕੇ ਉਹਦੇ ਮੂੰਹ ਤੇ ਜ਼ਰਦੀ ਫਿਰ ਗਈ । ਭਾਈ ਕੇਸਰ ਸਿੰਘ ਹੋਰੀਂ ਇਸ ਸਾਰੀ ਕਥਾ ਨੂੰ ਇਉਂ ਲਿਖਦੇ ਹਨ :-

ਉੱਥੋਂ ਸਾਹਿਬ ਕਾਂਗੜ ਨੂੰ ਗਏ । ਬੈਂਤ ਚਉਦਹ ਸੈ ਉੱਚਰਤੇ ਭਏ ।
ਬਚਨ ਕੀਤਾ ਜੇ ਕੋਈ ਸੀਸ ਦੇਵੈ ਸਿੱਖ ਅਉਰੰਗੇ ਪਾਸ ਲੈ ਜਾਇ ।
ਦਇਆ ਸਿੰਘ ਸੋਭਤੀ ਮੁਨਸੀ ਹਥਿ ਜੋੜ ਖੜੋਤਾ ਆਏ ।
ਬਚਨ ਕੀਤਾ ਅਦਬ ਨਾਲ ਪੋਥੀ ਅਉਰੰਗੇ ਦੇ ਹੱਥ ਦੇਣੀ ।
ਤਿਨ ਕਹਿਆ ਜੀ ਤੇਰੇ ਬਲੁ ਕਰਿ ਉਸ ਹੈ ਲੈਣੀ ।

.. .. .. ..

ਸੋ ਲੈ ਕੇ ਦਇਆ ਸਿੰਘ ਉੱਥੇ ਗਾਇਆ ।
ਨਾਉਂ ਕੁਰਾਨ ਧਰਿ ਸਿਰ ਤੇ ਰਖਿ ਲਇਆ ।
ਨੀਲੇ ਕਪੜੇ ਪਾਏ ਬਣ ਗਇਆ ਮੱਕੇ ਦਾ ਹਾਜੀ ।
ਹੈਸੀ ਮੁਨਸੀ ਪੜ੍ਹਿਆ ਹੋਇਆ
ਜੁਬਾਬ ਸੁਆਲ ਨਿਸੰਗ ਕਰੇ ਸੰਗ ਮੁਫਤੀ ਮੁੱਲਾ ਕਾਜ਼ੀ ।
ਅਉਰੰਗਾਬਾਦ ਜਾਇ ਪਹੁੰਤਾ ਆਉਰੰਗੇ ਪਾਸ ।

ਕਹਿਆ ਖਬਰ ਕਰੋ ਮਕੇ ਸਰੀਫ਼ ਥੀ ਮੈਂ ਕੁਰਾਨ ਹੈ ਆਂਦਾ ਖਾਤਰ ਤਾਸ ।
ਜਦ ਖੋਲ ਕੇ ਡਿਠਾ ਤਬ ਮੁੱਖ ਪਰ ਜਰਦੀ ਵਰਤ ਗਈ ।

.. .. .. ..

ਪੜ੍ਹਦਾ ਪੜ੍ਹਦਾ ਵਿਚੇ ਮਰ ਗਿਆ ।
ਮੁਹੁ ਖੋਲਣ ਜੋਗਾ ਮੂਲ ਨਾ ਰਹਿਆ ।

ਜ਼ਫ਼ਰਨਾਮੇ ਦੇ ਇਹ 1400 ਸ਼ਿਅਰ ਸੰਪੂਰਨ ਰੂਪ ਵਿੱਚ ਤਾਂ ਅਜੇ ਤੱਕ ਨਹੀਂ ਮਿਲੇ, ਪਰ ਇਤਿਹਾਸਕਾਰਾਂ ਨੂੰ ਇਨ੍ਹਾਂ ਵਿੱਚੋਂ 100 ਤੋਂ ਵੱਧ ਜੋ ਸ਼ਿਅਰ ਮਿਲੇ ਹਨ, ਉਹ ਸਾਨੂੰ ਇਸ ਰਚਨਾ ਦੀ ਸੁਰ ਤੇ ਅੰਦਾਜ਼ ਬਾਰੇ ਕਾਫੀ ਕੁਝ ਦਸ ਦਿੰਦੇ ਹਨ ।

ਜ਼ਫ਼ਰਨਾਮੇ ਦੇ ਜੋ ਸ਼ਿਅਰ ਸਾਨੂੰ ਅੱਜ ਮਿਲਦੇ ਹਨ, ਇਹ ਬਨਾਰਸ ਦੇ ਪੰਡਤ ਜਗਨ ਨਾਥ ਨੇ 1890 ਵਿੱਚ ਗੁਰਦੁਵਾਰਾ ਪਟਨਾ ਸਾਹਿਬ ਦੇ ਗ੍ਰੰਥੀ ਭਾਈ ਸੁਮੇਰ ਸਿੰਘ ਤੋਂ ਨੋਟ ਕੀਤੇ ਸਨ । ਉਸ ਨੇ ਇਹ ਸ਼ਿਅਰ ਮਥਰਾ ਦੇ ਕੁਲੈਕਟਰ ਪੰਡਤ ਰਾਜ ਬਲਭ ਮਿਸ਼ਰ ਨੂੰ ਦਿੱਤੇ ਤੇ ਉਸ ਨੇ ਅੱਗੇ ਅੰਮ੍ਰਿਤਸਰ ਆਪਣੇ ਮਿਤਰ ਅਮਰਾਓ ਸਿੰਘ ਮਜੀਠਾ ਨੂੰ ਭੇਜ ਦਿੱਤੇ । ਉਨ੍ਹਾਂ ਇਸ ਨੂੰ ਉੱਥੋਂ ਖਾਲਸਾ ਕਾਲਜ ਦੀ ਲਾਇਬ੍ਰੇਰੀ ਨੂੰ ਸੌਂਪ ਦਿੱਤਾ । ਅਜੋਕੇ ਪ੍ਰਕਾਸ਼ਨ ਇਸੇ ਨੁਸਖੇ ਤੇ ਹੀ ਆਧਾਰਤ ਹਨ ।

ਜ਼ਫ਼ਰਨਾਮਾ ਦਾ ਸ਼ਾਬਦਿਕ ਅਰਥ ਹੈ ਵਿਜੈ ਪੱਤਰ । ਫਤਹਿ ਦੀ ਚਿੱਠੀ । ਇਹ ਗੁਰੂ ਸਾਹਿਬ ਦੇ ਬੁਲੰਦ ਹੌਸਲੇ, ਨਿਡਰਤਾ, ਸ੍ਵੈਮਾਨ, ਅਣਖ ਤੇ ਦ੍ਰਿੜ੍ਹਤਾ ਦਾ ਪ੍ਰਤੱਖ ਪ੍ਰਮਾਣ ਹੈ । ਕਹਿੰਦੇ ਹਨ ਤੈਮੂਰ ਨੇ ਆਪਣੇ ਜੀਵਨ ਵਿੱਚ ਜਿੰਨੀਆਂ ਵੀ ਜੰਗਾਂ ਲੜੀਆਂ ਉਨ੍ਹਾਂ ਵਿਚੋਂ ਕਿਸੇ ਵਿੱਚ ਵੀ ਹਾਰ ਦਾ ਮੂੰਹ ਨਹੀਂ ਸੀ ਵੇਖਿਆ । ਉਸ ਦਾ ਜੋ ਹਾਲ ਸ਼ਰਫ ਅਲੀ ਯਜ਼ਦੀ ਨੇ ਲਿਖਿਆ, ਉਸ ਦਾ ਨਾਮ ਵੀ ਉਸ ਨੇ ਜ਼ਫ਼ਰਨਾਮਾ ਹੀ ਰੱਖਿਆ ਸੀ । ਪਰ ਉਸ ਜ਼ਫ਼ਰਨਾਮੇ ਤੇ ਇਸ ਜ਼ਫ਼ਰਨਾਮੇ ਦੇ ਦ੍ਰਿਸ਼ਟੀਕੋਣ ਵਿੱਚ ਜ਼ਮੀਨ ਅਸਮਾਨ ਦਾ ਅੰਤਰ ਪ੍ਰਤੱਖ ਹੀ ਵੇਖਿਆ ਜਾ ਸਕਦਾ ਹੈ । ਇੱਕ ਦਾ ਲੇਖਕ ਜਾਬਰ ਬਾਦਸ਼ਾਹ ਦੀ ਸਿਫ਼ਤ ਸਲਾਹ ਕਰਦਾ ਹੈ, ਦੂਜੇ ਦਾ ਜਬਰ ਜ਼ੁਲਮ ਨਾਲ ਟੱਕਰ ਲੈਂਦਾ ਹੋਇਆ ਵੀ ਆਪਣੀ ਅਜਿਤ ਅਣਖ ਨਾਲ ਜਾਬਰ ਨੂੰ ਲਲਕਾਰਦਾ ਫਿਟਕਾਰਦਾ ਹੈ ।

ਪ੍ਰਕਾਸ਼ਿਤ ਰੂਪ ਵਿੱਚ ਜੋ ਰਚਨਾ ਜ਼ਫ਼ਰਨਾਮਾ ਦੇ ਰੂਪ ਵਿੱਚ ਮਿਲਦੀ ਹੈ, ਇਸ ਦੇ ਦੋ ਹਿੱਸੇ ਹਨ । ਪਹਿਲੇ 12 ਸ਼ਿਅਰਾਂ ਵਿੱਚ ਅਕਾਲ ਪੁਰਖ ਦੀ ਸਿਫ਼ਤ ਸਲਾਹ ਹੈ ਤੇ ਦੂਜੇ 100 ਸ਼ਿਅਰਾਂ ਵਿੱਚ ਅਸਲੀ ਮਜ਼ਮੂਨ ਜਾਂ ਉਸ ਜਬਰ ਜ਼ੁਲਮ ਦੀ ਦਾਸਤਾਨ ਹੈ ਜਿਸ ਨਾਲ ਗੁਰੂ ਸਾਹਿਬ ਨੇ ਟੱਕਰ ਲਈ । ਇਸ ਟੱਕਰ ਦਾ ਅਸਲੀ ਜ਼ਿੰਮੇਵਾਰ ਕੌਣ ਸੀ । ਇਸ ਵਿੱਚ ਕਿਵੇਂ ਝੂਠੀਆਂ ਕਸਮਾਂ ਖਾਣ ਵਾਲਿਆਂ ਨੇ ਕੀਤੇ ਕੌਲ ਕਰਾਰ ਛਿੱਕੇ ਤੇ ਟੰਗੇ । ਕਿਵੇਂ ਬੁਤ ਸ਼ਿਕਨਾਂ ਨੇ ਹੀ ਬੁਤ ਪ੍ਰਸਤਾਂ ਨਾਲ ਰਲ ਕੇ ਦਰਵੇਸ਼ ਗੁਰੂ ਨਾਲ ਟੱਕਰ ਵਿੱਚ ਮਕਾਰੀ ਤੇ

ਫਰੇਬ ਤੋਂ ਕੰਮ ਲਿਆ। ਇਸ ਸਾਰੇ ਕੁਝ ਬਾਰੇ ਕੁਝ ਸੰਕੇਤ ਸਾਨੂੰ ਇਨ੍ਹਾਂ ਸ਼ਿਅਰਾਂ ਤੋਂ ਪ੍ਰਾਪਤ ਹੁੰਦੇ ਹਨ। ਪਰ ਵਿਸਤ੍ਰਿਤ ਰੂਪ ਵਿੱਚ ਜਿਨ੍ਹਾਂ ਭੇਤਾਂ ਤੋਂ ਪਰਦਾ ਗੁਰੂ ਮਹਾਰਾਜ ਨੇ ਚੁੱਕਿਆ ਹੋਵੇਗਾ, ਉਨ੍ਹਾਂ ਬਾਰੇ ਅਜੇ ਸ਼ਾਇਦ ਇਤਿਹਾਸ ਸਮੇਂ ਦੇ ਬੀਤਣ ਤੇ ਹੋਰ ਕਾਫੀ ਕੁਝ ਦੱਸੇ।

ਜ਼ਫ਼ਰਨਾਮੇ ਦੇ ਇਨ੍ਹਾਂ ਸ਼ਿਅਰਾਂ ਤੇ ਨਜ਼ਰ ਮਾਰੀਏ ਤਾਂ ਸਪਸ਼ਟ ਹੁੰਦਾ ਹੈ ਕਿ ਵਕਤ ਦੇ ਹਾਕਮ ਨੂੰ ਸੰਬੋਧਨ ਕਰਦੇ ਹੋਏ ਗੁਰੂ ਮਹਾਰਾਜ ਨੇ ਸ੍ਰੀ ਵਾਹਿਗੁਰੂ ਜੀ ਕੀ ਫਤਹਿ ਤੋਂ ਹੀ ਗੱਲ ਅਰੰਭੀ ਹੈ ਤੇ ਬਾਦਸ਼ਾਹ ਦੀ ਸਿਫਤ ਦੀ ਥਾਂ ਇੱਕ ਅਕਾਲ ਪੁਰਖ ਦੀ ਹੀ ਸਿਫਤ ਸਲਾਹ ਕੀਤੀ ਹੈ।

ਅਕਾਲ ਪੁਰਖ ਦੀ ਸਿਫਤ ਸਲਾਹ ਉਪਰੰਤ ਔਰੰਗਜ਼ੇਬ ਨੂੰ ਸੰਬੋਧਨ ਕਰਦੇ ਹੋਏ ਆਪ ਫਰਮਾਂਦੇ ਹਨ ਕਿ ਮੈਨੂੰ ਤੇਰੇ ਤੇ ਉੱਕਾ ਕੋਈ ਭਰੋਸਾ ਨਹੀਂ। ਤੇਰੀ ਕਿਸੇ ਕਸਮ ਦਾ ਮੈਨੂੰ ਯਕੀਨ ਨਹੀਂ। ਮੈਨੂੰ ਉਸ ਉੱਤੇ ਭਰੋਸਾ ਵੀ ਕੀ ਹੋਵੇ ਜਿਸ ਦੇ ਬਖਸ਼ੀ ਤੇ ਦੀਵਾਨ ਸਾਰੇ ਹੀ ਝੂਠੇ ਹੋਣ। ਤੇਰੀ ਕੁਰਾਨ ਦੀ ਕਸਮ ਤੇ ਜੋ ਵਿਸ਼ਵਾਸ ਕਰੇ, ਉਹ ਆਖਰ ਖੁਆਰ ਹੀ ਹੁੰਦਾ ਹੈ। ਰਹੀ ਗੱਲ ਮੇਰੀ – ਮੇਰੇ ਸਿਰ ਤੇ ਅਕਾਲ ਪੁਰਖ ਦਾ ਸਾਇਆ ਹੈ। ਮੇਰਾ ਕੋਈ ਕੁਝ ਨਹੀਂ ਵਿਗਾੜ ਸਕਦਾ। ਤੂੰ ਤਾਂ ਕੁਰਾਨ ਦੀ ਕਸਮ ਸ਼ਰ੍ਹੇਆਮ ਖਾ ਕੇ ਮੁਕਰ ਗਿਆ ਹੈ, ਮੇਰੇ ਵਰਗਾ ਤਾਂ ਮਨ ਵਿੱਚ ਵੀ ਕਸਮ ਖਾਂਦਾ ਤਾਂ ਉਸ ਤੇ ਟਿਕਿਆ ਰਹਿੰਦਾ।

ਮੁੱਠੀ ਭਰ ਸਾਥੀ ਸਿੰਘਾਂ ਦੀ ਲੱਖਾਂ ਦੁਸ਼ਮਣਾਂ ਨਾਲ ਟੱਕਰ ਦੀ ਵਿਥਿਆ ਇਸ ਜ਼ਫ਼ਰਨਾਮੇ ਵਿੱਚ ਇਉਂ ਦਰਜ ਹੈ :

ਗੁਰਸਨ: ਚਿ ਕਾਰੇ ਕੁਨਦ ਚਿਹਲ ਨਰ।
ਕਿ ਦਹ ਲਕ ਬਰਾਯਦ ਬਰੂੰ ਬੇਖਬਰ।

ਭਾਵ ਭੁੱਖੇ ਭਾਣੇ ਚਾਲੀ ਆਦਮੀ ਕੀ ਕਰ ਸਕਦੇ ਹਨ ਜੇ ਅਚਾਨਕ ਉਨ੍ਹਾਂ ਉੱਤੇ ਦਸ ਲੱਖ ਦਾ ਲਸ਼ਕਰ ਟੁੱਟ ਪਵੇ।

ਪਰ ਜੇ ਕੋਈ ਕੁਰਾਨ ਦੀ ਕਸਮ ਤੇ ਯਕੀਨ ਕਰੇ ਤਾਂ ਅਕਾਲ ਪੁਰਖ ਉਸ ਨੂੰ ਰਾਹ ਵੀ ਦਿੰਦਾ ਹੈ :–

ਹਰ ਆਂ ਕਸ ਬਕੌਲੇ ਕੁਰਾਂ ਆਯਦਸ਼।
ਕਿ ਯਜ਼ਦਾਂ ਬਰੋ ਰਹਨੁਮਾ ਆਯਦਸ਼।

ਇਇਹਾਸ ਵਿੱਚ ਉਨ੍ਹਾਂ ਫਿਟਕਾਰਾਂ ਦੀ ਮਿਸਾਲ ਨਹੀਂ ਮਿਲ ਸਕਦੀ ਜੋ ਇਸ ਪੱਤਰ ਵਿੱਚ ਗੁਰੂ ਜੀ ਨੇ ਬਾਦਸ਼ਾਹ ਨੂੰ ਪਾਈਆਂ। ਗੁਰੂ ਸਾਹਿਬ ਲਿਖਦੇ ਹਨ ਕਿ ਮੂਨੂੰ ਨਹੀਂ ਸੀ ਪਤਾ ਕਿ ਕਸਮਾਂ ਤੋੜਨ ਵਾਲਾ ਔਰੰਗਜ਼ੇਬ ਕੇਵਲ ਪੈਸੇ ਦਾ ਪੀਰ ਹੈ ਤੇ ਬੇਈਮਾਨ ਹੈ :–

ਨਦਾਨਮ ਕਿ ਈਂ ਮਰਦਿ ਪੈਮਾਂ ਸ਼ਿਕਨ ।

ਕਿ ਦੌਲਤ ਪ੍ਰਸਤ ਵ ਈਮਾਂ ਫ਼ਿਗਨ ।

ਨਾ ਤੂੰ ਦੀਨ ਈਮਾਨ ਤੇ ਕਾਇਮ ਹੈ ਤੇ ਨਾ ਸ਼ਰ੍ਹਾ ਸ਼ਰੀਅਤ ਦਾ ਪਾਬੰਦ । ਨਾ ਤੈ ਨੂੰ ਰੱਬ ਦੀ ਪਛਾਣ ਹੈ ਤੇ ਨਾ ਹਜ਼ਰਤ ਮੁਹੰਮਦ ਤੇ ਭਰੋਸਾ :

ਨਾ ਈਮਾਂ ਪ੍ਰਸਤੀ ਨ ਔਜ਼ਾਇ ਦੀ ।

ਨਾ ਸਾਹਿਬ ਸ਼ਨਾਸੀ ਨਾ ਮਹੁੰਮਦ ਯਕੀਂ ।

ਹੁਣ ਤੂੰ ਭਾਵੇਂ ਕੁਰਾਨ ਦੀਆਂ ਸੌ ਕਸਮਾਂ ਵੀ ਖਾਵੇਂ, ਤੇਰਾ ਕੌਣ ਇਤਬਾਰ ਕਰੇ । ਜੇ ਤੂੰ ਆਪਣੇ ਬੰਦਿਆਂ ਦੀਆਂ ਲਿਖਤੀ ਕਸਮਾਂ ਵੀ ਵੇਖਣੀਆਂ ਚਾਹਵੇਂ ਤਾਂ ਮੈਂ ਉਹ ਤੈਨੂੰ ਭੇਜ ਸਕਦਾ ਹਾਂ :

ਤੁਰਾਂ ਗਰ ਬਿਬਾਯਦ ਆਂ ਕੌਲੇ ਕੁਰਾਂ

ਬਨਿਜ਼ਦੇ ਸ਼ੁਮਾ ਰਾ ਰਸਾਨਮ ਹਮਾਂ ।

ਅਜੀਬ ਹੈ ਤੇਰਾ ਇਨਸਾਫ਼ । ਅਜੀਬ ਹੈ ਤੇਰਾ ਧਰਮ ਪਾਲਣ ਦਾ ਢੰਗ । ਮੈਨੂੰ ਤਾਂ ਇਸ ਤੇ ਇੱਕ ਵਾਰ ਨਹੀਂ ਸੌ ਵਾਰ ਅਫ਼ਸੋਸ ਹੈ :

ਕਿ ਅਜਬ ਅਸਤ ਇਨਸਾਫ਼ੋ ਦੀ ਪਰਵਰੀ ।

ਕਿ ਹੈਫ ਅਸਤ ਸਦ ਹੈਫ਼ ਈਂ ਸਰਵਰੀ ।

ਅਣਖ ਅਤੇ ਇਰਾਦੇ ਦੀ ਦ੍ਰਿੜ੍ਹਤਾ ਦੀ ਮਿਸਾਲ ਇਸ ਤੋਂ ਵੱਧ ਕੀ ਹੋਵੇਗੀ ਕਿ ਮਾਤਾ ਪਿਤਾ ਤੇ ਚਾਰੇ ਲਾਲ ਸ਼ਹੀਦ ਹੋਣ ਉਪਰੰਤ ਗੁਰੂ ਮਹਾਰਾਜ ਦਿੱਲੀ ਦੇ ਤਖ਼ਤ ਤੇ ਬੈਠੇ ਬਾਦਸ਼ਾਹ ਨੂੰ ਇਉਂ ਵੰਗਾਰਦੇ ਹਨ ਕਿ ਕੀ ਹੋਇਆ ਜੇ ਮੇਰੇ ਚਾਰ ਬੱਚੇ ਗਏ ਹਨ, ਅਜੇ ਕੁੰਡਲੀਦਾਰ ਨਾਗ ਰੂਪੀ ਖਾਲਸਾ ਪੰਥ ਉਂਜ ਦਾ ਉਂਜ ਹੈ :-

ਚਿਹਾ ਸ਼ੁਦ ਕਿ ਚੂੰਬੱਚਗਾਂ ਕੁਸ਼ਤ:ਚਾਰ ।

ਕਿ ਬਾਕੀ ਬਮਾਂਦਸਤ ਪੇਚੀਦ: ਮਾਰ ।

ਜ਼ੁਲਮ ਕਰ ਕੇ ਚਿੰਗਾੜੀਆਂ ਬੁਝਾਣ ਵਿੱਚ ਤੇਰੀ ਕਾਹਦੀ ਬਹਾਦਰੀ ਹੈ । ਇਸ ਨਾਲ ਤਾਂ ਅੱਗ ਦੀ ਲਾਟ ਹੋਰ ਵੀ ਭੜਕੀ ਹੈ ਤੇ ਹੋਰ ਭੜਕੇਗੀ :-

ਚਿ ਮਰਦੀ ਕਿ ਅਖ਼ਗਰ ਖ਼ਾਮੋਸ਼ਾਂ ਕੁਨੀਂ ।

ਕਿ ਆਤਿਸ਼ ਦਮਾਂ ਰਾਂ ਫ਼ਰੋਜ਼ਾਂ ਕੁਨੀ ।

ਔਰੰਗਜ਼ੇਬ ਨੇ ਤਾਂ ਕੀਤੇ ਗੁਨਾਹਾਂ ਦੀ ਮੁਆਫ਼ੀ ਮੰਗਣ ਲਈ ਗੁਰੂ ਮਹਾਰਾਜ ਨੂੰ ਸੁਨੇਹਾ ਭੇਜ ਕੇ ਕਸਮਾਂ ਤੇ ਤਰਲਿਆਂ ਨਾਲ ਆਪਣੇ ਕੋਲ ਸੱਦਿਆ ਸੀ । ਪਰ ਗੁਰੂ ਮਹਾਰਾਜ ਨੇ ਦੋ ਟੁੱਕ ਉੱਤਰ ਲਿੱਖ ਭੇਜਿਆ ਕਿ ਮੈਂ ਤੇਰੇ ਕੋਲ ਬਿਲਕੁਲ ਨਹੀਂ ਆਵਾਂਗਾ, ਜਿੱਥੇ ਮੇਰੇ ਅਕਾਲ ਪੁਰਖ ਨੇ ਚਾਹਿਆ ਮੈਂ ਤਾਂ ਉੱਥੇ ਹੀ ਜਾਵਾਂਗਾ । ਤੂੰ ਮੇਰੇ ਕੋਲ ਬੇਫ਼ਿਕਰ ਹੋ ਕੇ ਆਉਣਾ ਚਾਹੇਂ ਤਾਂ ਆ ਸਕਦਾ ਹੈ । ਮੇਰੇ ਬੰਦੇ ਤੈਨੂੰ ਬਿਲਕੁਲ ਕੁਝ ਨਹੀਂ ਕਹਿਣਗੇ ।

ਕਹਿੰਦੇ ਹਨ ਕਿ ਇਨ੍ਹਾਂ ਲਾਅਨਤਾਂ ਦਾ ਔਰੰਗਜ਼ੇਬ ਤੇ ਬਹੁਤ ਅਸਰ ਪਿਆ । ਸਭ ਤੋਂ ਵੱਧ ਦੁੱਖ ਉਸ ਨੂੰ ਇਹ ਜਾਣ  ਕੇ ਹੋਇਆ ਕਿ ਉਸ ਨੇ ਬੁੱਤ-ਪ੍ਰਸਤਾਂ ਦੇ ਆਖੇ ਲੱਗ ਕੇ ਇੱਕ ਐਸੇ ਦਰਵੇਸ਼ ਨਾਲ ਟੱਕਰ ਲੈ ਲਈ ਜੋ ਬੁੱਤ ਪ੍ਰਸਤੀ ਦਾ ਵਿਰੋਧੀ ਸੀ । ਜਦੋਂ ਉਸ ਨੇ ਜ਼ਫ਼ਰਨਾਮੇ ਦਾ ਇਹ ਸ਼ਿਅਰ ਪੜ੍ਹਿਆ ਕਿ :-

ਮਨਮ ਕੁਸ਼ਤਾ ਅਮ ਕੋਹਿਯਾਂ ਬੁੱਤ-ਪ੍ਰਸਤ ।
ਕਿ ਆਂ ਬੁਤ ਪ੍ਰਸਤੰਦੋ ਮਨ ਬੁੱਤ ਸ਼ਿਕਸਤ ।

(ਅਰਥਾਤ ਮੈਂ ਬੁੱਤ-ਪੂਜ ਪਹਾੜੀ ਰਾਜਿਆਂ ਨੂੰ ਮਾਰ ਮੁਕਾਇਆ ਹੈ, ਕਿਉਂ ਜੋ ਉਹ ਬੁਤਾਂ ਦੇ ਉਪਾਸ਼ਕ ਸਨ ਤੇ ਮੈਂ ਬੁੱਤ ਸ਼ਿਕਨ ।) ਤਾਂ ਸ਼ਹਿਜ਼ਾਦੀ ਜ਼ੇਬੁ ਲਨਿਸਾਂ ਦੇ ਸਾਹਮਣੇ ਉਸ ਮੱਥੇ ਤੇ ਹੱਥ ਮਾਰ ਮਾਰ ਸਖਤ ਅਫ਼ਸੋਸ ਕੀਤਾ ਤੇ ਉਸ ਨੂੰ ਕਿਹਾ ਕਿ ਉਹ ਉਸ ਦੇ ਰਾਜ਼ੀ ਹੋਣ ਉਪਰੰਤ ਪਹਿਲਾ ਕੰਮ ਇਹ ਕਰੇ ਕਿ ਗੁਰੂ ਮਹਾਰਾਜ ਨਾਲ ਉਸਦੀ ਮੁਲਾਕਾਤ ਦਾ ਪ੍ਰਬੰਧ ਕਰੇ । ਉਸ ਨੇ ਇਹ ਵੀ ਹੁਕਮ ਕੀਤਾ ਕਿ ਭਾਈ ਦਇਆ ਸਿੰਘ ਨੂੰ ਸ਼ਾਹੀ ਸਨਮਾਨਾਂ ਨਾਲ ਸੁਰਖਿਆ ਦਾ ਪ੍ਰਵਾਨਾਂ ਦੇ ਕੇ ਵਿਦਾ ਕੀਤਾ ਜਾਵੇ ਅਤੇ ਅੱਗੇ ਤੋਂ ਗੁਰੂ ਮਹਾਰਾਜ ਨਾਲ ਕਿਸੇ ਵੀ ਤਰ੍ਹਾਂ ਦਾ ਟਕਰਾ ਮੁੱਲ ਨਾ ਲਿਆ ਜਾਵੇ । ਉਸਦੇ ਇਨ੍ਹਾਂ ਹੁਕਮਾਂ ਤੇ ਅਮਲ ਵੀ ਆਰੰਭ ਹੋ ਗਿਆ, ਪਰ ਪਛਤਾਵੇ ਦੀ ਅੱਗ ਵਿੱਚ ਸੜਦਾ ਤੇ ਗੁਰੂ ਸਾਹਿਬ ਦੀਆਂ ਪਾਈਆਂ ਫਿਟਕਾਰਾਂ ਦੀ ਤਾਬ ਨਾ ਝੱਲਦਾ ਹੋਇਆ ਸ਼ਹਿਨਸ਼ਾਹ ਔਰੰਗਜ਼ੇਬ 1707 ਈਸਵੀ ਨੂੰ ਬਿਨਾਂ ਆਪਣੇ ਗੁਨਾਹ ਬਖਸ਼ਵਾਏ ਇਸ ਧਰਤੀ ਤੋਂ ਕੂਚ ਕਰ ਗਿਆ । ਇਸ ਪ੍ਰਕਾਰ ਨੇਕੀਬਦੀ ਦੇ ਇਸ ਸੰਘਰਸ਼ ਵਿੱਚ ਅੰਤਿਮ ਫਤਹਿ ਜ਼ਫ਼ਰਨਾਮਾ ਦੇ ਅਜਿੱਤ ਲੇਖਕ ਗੁਰੂ ਗੋਬਿੰਦ ਸਿੰਘ ਜੀ ਦੀ ਹੀ ਹੋਈ ।

**ਧੰਨਵਾਦ ਸਾਹਿਤ ਵਿਚੋਂ :-**

**ਜਨ ਸਾਹਿਤ ਵਿਸ਼ੇਸ਼ ਅੰਕ ਗੁਰੂ ਗੋਬਿੰਦ ਸਿੰਘ ਜੀ**

# "ਸੋ ਕਿਉ ਮੰਦਾ ਆਖੀਐ..."

ਡਾ. ਗੁਰਪ੍ਰੀਤ ਕੌਰ

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ 10ਵੇਂ ਗੁਰੂ ਸਾਹਿਬਾਨ ਤੱਕ ਉਹਨਾਂ ਨੇ ਇੱਕੋ ਉਪਦੇਸ਼ ਦਿੱਤਾ ਕਿ ਸਾਰੇ ਮਨੁੱਖ ਭਾਵੇ ਉਹ ਇਸਤਰੀ ਹੋਵੇ ਜਾਂ ਪੁਰਸ਼ ਇੱਕੋ ਹੀ ਜੋਤ ਹਨ। ਗੁਰੂ ਸਾਹਿਬਾਨ ਨੇ ਇਸਤਰੀ ਨੂੰ ਵੀ ਮਰਦਾਂ ਵਾਂਗ ਗੁਰਮਤਿ ਦੇ ਰਾਹ ਦੀ ਪਾਂਧੀ ਬਣਾਇਆ। ਇਸਤਰੀ ਦੀ ਆਦਰ-ਸਨਮਾਨ ਬਾਰੇ ਫੁਰਮਾਨ ਹੈ:-

**ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥**

**ਆਸਾ ਕੀ ਵਾਰ (ਮਃ ੧) - ਅੰਗ ੪੭੩**

ਇਹਨਾਂ ਤੇ ਹੀ ਚੱਲਦਿਆਂ ਤੀਜੇ ਪਾਤਸ਼ਾਹ ਗੁਰੂ ਅਮਰਦਾਸ ਜੀ ਨੇ ਜਾਤ-ਪਾਤ, ਊਚ-ਨੀਚ ਤੇ ਇਸਤਰੀ-ਮਰਦ ਦੇ ਵਹਿਮਾਂ ਨੂੰ ਤੋੜ ਕੇ ਸਮਾਜ ਸੁਧਾਰ ਕੀਤੇ। ਸਤੀ ਦੀ ਰਸਮ ਨੂੰ ਖਤਮ ਕਰਕੇ ਵਿਧਵਾ ਵਿਆਹ ਨੂੰ ਮੁੜ ਸੁਰਜੀਤ ਕੀਤਾ। ਇਸਤਰੀ ਜਾਤੀ ਨੂੰ ਨਾਮ ਬਾਣੀ ਜਪਾ ਕੇ 22 ਮੰਜੀਆਂ ਥਾਪ ਕੇ ਉਨ੍ਹਾਂ ਦੀਆਂ ਮੁੱਖ ਪ੍ਰਚਾਰਕਾਂ ਦੇ ਅਹੁੱਦੇ ਵੀ ਦਿੱਤੇ। ਗੁਰੂ ਗੋਬਿੰਦ ਸਿੰਘ ਜੀ ਨੇ ਮਾਤਾ ਸਾਹਿਬ ਕੌਰ ਜੀ ਕੋਲੋਂ ਅੰਮ੍ਰਿਤ ਬਾਟੇ ਚ ਪਤਾਸ਼ੇ ਪੁਆ ਕੇ ਉਹਨਾਂ ਨੂੰ ਜਗਤ ਮਾਤਾ ਦਾ ਖਿਤਾਬ ਦਿੱਤਾ।

ਪਰ ਅੱਜ ਦੇ ਸਮੇਂ ਵਿੱਚ ਗੁਰੂ ਦੀ ਇਹ ਮਹਾਨ ਸਿੱਖਿਆ ਸਮਾਜ ਕਿਉਂ ਭੁੱਲ ਰਿਹਾ ਹੈ। ਭਰੂਣ ਹੱਤਿਆ ਵੇਲੇ ਅਸੀਂ ਭੁੱਲ ਜਾਂਦੇ ਹਾਂ ਕਿ ਇਹ ਬੱਚੀ ਮਹਾਨ ਵੀ ਹੋ ਸਕਦੀ ਹੈ। ਆਓ ਅਸੀਂ ਪੁਰਾਣੇ ਧਰਮਾਂ ਅਨੁਸਾਰ ਇਸਤਰੀ ਦੀ ਕੀ ਸਥਿਤੀ ਸੀ, ਦੀ ਪੜਚੋਲ ਕਰੀਏ ਤੇ ਗੁਰੂ ਨਾਨਕ ਸਾਹਿਬ ਨੇ ਇਸ ਵਿੱਚ ਕ੍ਰਾਂਤੀਕਾਰੀ ਸੁਧਾਰ ਕਿਵੇਂ ਲਿਆਂਦਾ, ਦੀ ਪੜਚੋਲ ਕਰੀਏ।

ਪੁਰਾਤਨ ਸਮਾਜ ਵਿੱਚ ਇਸਤਰੀ ਦੀ ਹਾਲਤ ਬਹੁਤੀ ਵਧੀਆ ਨਹੀਂ ਸੀ। ਔਰਤ ਨੂੰ ਪੈਰ ਦੀ ਜੁੱਤੀ ਕਹਿ ਕੇ ਤ੍ਰਿਸਕਾਰਿਆ ਜਾਂਦਾ ਸੀ। ਔਰਤ ਨੂੰ ਧਾਰਮਿਕ ਕਾਰਜਾਂ ਵਿੱਚ ਹਿੱਸਾ ਲੈਣ ਨਹੀਂ ਦਿੱਤਾ ਜਾਂਦਾ ਸੀ। ਇਸਤਰੀ ਨੂੰ ਮਰਦ ਦੀ ਦਾਸੀ ਮੰਨਿਆ ਜਾਂਦਾ ਸੀ ਭਾਵੇਂ ਇੱਕ ਔਰਤ ਮਰਦ ਦੀ ਖੁਸ਼ੀ ਖਾਤਰ ਆਪਣਾ ਆਪ ਨਿਛਾਵਰ ਕਰ ਦਿੰਦੀ ਸੀ ਪਰ ਫੇਰ ਵੀ ਮਰਦ ਉਸ ਔਰਤ ਨੂੰ ਆਪਣੇ ਬਰਾਬਰ ਨਹੀਂ ਸੀ ਸਮਝਦਾ ਭਾਵ ਕਿ ਔਰਤ ਨੂੰ ਨੀਵੇਂ ਦਰਜੇ ਵਿੱਚ ਹੀ ਰੱਖਿਆ ਜਾਂਦਾ ਸੀ। ਔਰਤ ਨੂੰ ਹਮੇਸ਼ਾ ਪਿਓ, ਪਤੀ ਅਤੇ ਪੁੱਤ ਦੀ ਅਧੀਨਗੀ ਹੀ ਸਵੀਕਾਰਨੀ ਪੈਂਦੀ ਸੀ।

ਮੰਨੂੰ ਸਮ੍ਰਿਤੀ ਵਿੱਚ ਇਸਤਰੀ ਨਾਲ ਬਹੁਤ ਅਨਿਆਏ ਕੀਤਾ ਹੋਇਆ ਹੈ ਉਹ ਲਿਖਦਾ ਹੈ ਕਿ ਔਰਤਾਂ ਅਗਿਆਨੀ ਹਨ। ਪ੍ਰੋ. ਪ੍ਰੀਤਮ ਸਿੰਘ ਸਿੱਖ ਵਿਚਾਰਧਾਰਾ ਪੁਸਤਕ ਵਿੱਚ ਲਿਖਦੇ ਹਨ ਕਿ, ਮੰਨੂੰ ਅਨੁਸਾਰ ਇਸਤਰੀ ਸਭ ਦੁੱਖਾਂ ਦਾ ਮੂਲ ਕਾਰਨ ਹੈ। ਹਿੰਦੂ ਧਰਮ ਇਸ ਦੁਨਿਆਵੀ ਜ਼ਿੰਦਗੀ ਨੂੰ ਇੱਕ ਸਜ਼ਾ ਸਮਝਦਾ ਹੈ, ਜਿਸਤੋਂ ਮੁਕਤੀ ਪ੍ਰਾਪਤ ਕਰਨਾ ਇਨਸਾਨ ਦਾ ਆਦਰਸ਼ ਹੈ, ਇਸਤ੍ਰੀ ਇਨਸਾਨ ਨੂੰ ਇਸ ਜਗਤ ਵਿੱਚ

ਲਿਆਉਂਦੀ ਹੈ । ਇਸ ਲਈ ਇਹ ਇਸਤਰੀ ਸਭ ਦੁੱਖਾਂ ਦਾ ਕਾਰਨ ਹੈ । ਇਸਤਰੀ ਦੀ ਸੰਗਤ ਨਾਲ, ਮਨੁੱਖ ਦੀ ਬੇਇਜਤੀ ਹੁੰਦੀ ਹੈ ਅਤੇ ਇਸਤਰੀ ਲਈ ਅਨੇਕਾਂ ਝਗੜੇ ਹੁੰਦੇ ਹਨ, ਇਸ ਲਈ ਇਸਤਰੀ ਤੋਂ ਦੂਰ ਰਹਿਣਾ ਚਾਹੀਦਾ ਹੈ । ਇਸਤਰੀ ਸਿਰਫ ਬੇਵਕੂਫਾਂ ਨੂੰ ਹੀ ਨਹੀਂ ਬਲਕਿ ਗਿਆਨਵਾਨਾਂ ਤੇ ਰਿਸ਼ੀਆਂ ਮੁਨੀਆਂ ਨੂੰ ਵੀ ਕੁਰਾਹੇ ਪਾ ਕੇ ਅਪਣੀਆਂ ਭਾਵਨਾਵਾਂ ਦਾ ਸ਼ਿਕਾਰ ਬਣਾ ਕੇ ਆਪਣੇ ਅਧੀਨ ਕਰ ਲੈਂਦੀ ਹੈ । ਇਸ ਲਈ ਇਸਤੋਂ ਹਮੇਸ਼ਾ ਦੂਰ ਹੀ ਰਹਿਣਾ ਚਾਹੀਦਾ ਹੈ ।

ਮੰਨੂੰ ਅਨੁਸਾਰ ਔਰਤ ਮਰਦ ਦੀ ਦਾਸੀ ਹੈ । ਨੇਕ ਔਰਤ ਭੈੜੇ ਪਤੀ ਨੂੰ ਹੀ ਪਰਮੇਸ਼ਵਰ ਸਮਝ ਕੇ ਪੂਜਦੀ ਰਹੇ । ਉਹਨਾਂ ਅਨੁਸਾਰ ਔਰਤ ਕਮਜ਼ੋਰ ਬੂਟੀ ਹੈ ਜਿਸਨੂੰ ਪਾਲਣ ਦਾ ਫਰਜ ਇੱਕ ਮਰਦ ਦਾ ਹੀ ਹੈ ।

ਹਿੰਦੂ ਸਮਾਜ ਵਿੱਚ ਔਰਤ ਨੂੰ ਸ਼ੂਦਰ ਵਾਂਗ ਹੀ ਸਮਝਿਆ ਜਾਂਦਾ ਸੀ ਜਿਵੇਂ ਸ਼ੂਦਰ ਨੂੰ ਜਨੇਊ ਪਾਉਣ ਦਾ ਅਧਿਕਾਰ ਨਹੀਂ ਸੀ ਇਸੇ ਤਰ੍ਹਾਂ ਹੀ ਇੱਕ ਔਰਤ ਵੀ ਜਨੇਊ ਨੂੰ ਧਾਰਨ ਨਹੀਂ ਸੀ ਕਰ ਸਕਦੀ । ਇੱਥੋਂ ਤੱਕ ਕਿ ਗਾਇਤ੍ਰੀ ਮੰਤਰ ਦਾ ਜਾਪ ਵੀ ਇੱਕ ਹਿੰਦੂ ਔਰਤ ਦੇ ਹਿੱਸੇ ਨਹੀਂ ਆਇਆ । ਮੰਨੂੰ ਅਨੁਸਾਰ ਔਰਤਾਂ ਵੇਦ ਮੰਤ੍ਰਾਂ ਤੋਂ ਵਾਂਝੀਆਂ ਹਨ ਅਤੇ ਝੂਠ ਦੀਆਂ ਮੂਰਤਾਂ ਹਨ ।

ਪੁਰਾਣਾਂ ਅਨੁਸਾਰ ਔਰਤ ਸਾਰੀਆਂ ਸ਼ਰਾਬਾਂ ਵਿੱਚੋਂ ਵੱਧ ਨਸ਼ੀਲੀ ਹੈ । ਔਰਤ ਜਾਤੀ ਸਾਰੇ ਜ਼ਹਿਰਾਂ ਤੋਂ ਵੱਧ ਜ਼ਹਰਿਲੀ ਹੈ । ਪਹਿਲਾਂ ਔਰਤਾਂ ਨੂੰ ਦੇਵਦਾਸੀਆਂ ਦੇ ਰੂਪ ਵਿੱਚ ਮੰਦਰਾਂ ਚ ਰੱਖਿਆ ਜਾਂਦਾ ਸੀ । ਅਜਿਹੀ ਪ੍ਰਥਾ ਬਾਰੇ ਡਾ. ਰਾਧਾ ਕ੍ਰਿਸ਼ਨਨ ਜੀ ਨੇ ਆਪਣੀ ਪੁਸਤਕ ਧਰਮ ਤੇ ਸਮਾਜ ਵਿੱਚ ਲਿਖਿਆ ਹੈ ਕਿ, " ਦੇਵਦਾਸੀਆਂ ਜਾਂ ਮੰਦਰਾਂ ਨੂੰ ਜੁਆਨ ਕੁੜੀਆਂ ਅਰਪਿਤ ਕਰਨ ਦਾ ਪੁਜਾਰੀਆਂ ਰਿਵਾਜ ਭਾਵੇ ਕਿਉਂ ਤੇ ਕਿਵੇਂ ਆਰੰਭ ਹੋਇਆ ਹੋਵੇ, ਇਸ ਪ੍ਰਥਾ ਤੋਂ ਜੋ ਵਿਚਾਰ ਪ੍ਰਚਲਿਤ ਹੋਇਆ ਉਹ ਨਿੰਦਣ ਯੋਗ ਹੈ । ਪ੍ਰਥਾ ਨੂੰ ਬਿਲਕੁਲ ਖਤਮ ਕਰ ਦੇਣਾ ਚਾਹੀਦਾ ਹੈ ... ਇਸ ਨਾਲ ਲੜਕੀਆਂ ਬਦਚਲਣ ਹੋ ਜਾਂਦੀਆਂ ਹਨ ।

ਹਿੰਦੂ ਸਮਾਜ ਵਿੱਚ ਔਰਤ ਦਾ ਪਤੀ ਮਰ ਜਾਣ ਤੋਂ ਬਾਦ ਉਸਨੂੰ ਜਿਊਣ ਦਾ ਕੋਈ ਹੱਕ ਨਹੀਂ ਸੀ, ਭਾਵੇਂ ਔਰਤ ਦੇ ਮਰਨ ਤੋਂ ਬਾਅਦ ਆਦਮੀ ਦੁਬਾਰਾ ਵਿਆਹ ਕਰਵਾ ਸਕਦਾ ਸੀ, ਪਰ ਔਰਤ ਨੂੰ ਪਤੀ ਦੀ ਮੌਤ ਤੋਂ ਬਾਅਦ ਜ਼ਿਉਂਦੇ ਹੀ ਪਤੀ ਦੀ ਚਿਤਾ ਨਾਲ ਸਾੜ ਦਿੱਤਾ ਜਾਂਦਾ ਸੀ । ਰਾਮ ਚਰਿਤ ਮਾਨਸ ਦਾ ਕਰਤਾ ਤੁਲਸੀ ਦਾਸ ਵੀ ਔਰਤ ਦੇ ਪ੍ਰਤੀ ਨਾਕਾਰਤਮਕ ਸੋਚ ਰੱਖਦਾ ਹੈ ਉਹ ਆਪਣੀ ਰਚਨਾ ਵਿੱਚ ਲਿਖਦਾ ਹੈ ਕਿ

ਢੋਰ ਗਵਾਰ ਸ਼ੁਦਰ ਪਸ ਨਾਰੀ । ਯਿਹ ਸਭ ਤਾੜਨ ਕੇ ਅਧਿਕਾਰੀ ॥

ਪੱਛਮੀ ਵਿਦਵਾਨ ਵੀ ਔਰਤ ਨੂੰ ਕੋਈ ਬਹੁਤਾ ਵਧੀਆ ਦਰਜਾ ਨਹੀਂ ਦਿੰਦੇ । ਪੱਛਮੀ ਵਿਦਵਾਨ ਔਰਤ ਨੂੰ ਇੱਕ ਮਜ਼ੇਦਾਰ ਗਲਤੀ ਕਹਿ ਕੇ ਨਿੰਦਦੇ ਹਨ ਅਤੇ ਦੁਰਕਾਰਦੇ ਹਨ । ਅਰਸਤੂ ਵਰਗਾ ਪੱਛਮੀ ਵਿਦਵਾਨ ਔਰਤ ਨੂੰ ਨਾ ਮੁਕੰਮਲ-ਵਸਤੂ ਵੀ ਆਖਦਾ ਹੈ । ਗਿਟੇ ਵਰਗਾ ਵਿਦਵਾਨ ਕਹਿੰਦਾ ਹੈ ਕਿ- ਇਸਤਰੀ ਵਿੱਚ ਰੂਹ ਹੀ ਨਹੀਂ

ਹੁੰਦੀ। ਚੈਸਟਰ ਫੀਲਡ ਅਨੁਸਾਰ ਔਰਤ ਕੁਦਰਤ ਦੀ ਇੱਕ ਮਜ਼ੇਦਾਰ ਗਲਤੀ ਹੈ।

ਔਰਤ ਨੂੰ ਇੱਕ ਅਧੂਰਾ ਇਨਸਾਨ ਮੰਨਿਆ ਜਾਂਦਾ ਹੈ। ਜਿਸਦੀ ਵਾਗਡੋਰ ਸੰਪੂਰਨ ਤੌਰ ਤੇ ਇੱਕ ਮਰਦ ਦੇ ਹੱਥ ਵਿੱਚ ਹੈ। ਮਰਦ ਹਰ ਪਾਸੇ ਤੋਂ ਔਰਤ ਨਾਲੋਂ ਚੰਗਾ ਹੈ। ਮਰਦ ਹਕੂਮਤ ਕਰਨ ਲਈ ਹੈ ਤੇ ਔਰਤ ਦਾਸੀ (ਭਾਵ ਹੁਕਮ ਮੰਨਣ ਵਾਲੀ ਸੁਕਰਾਤ ਇਸ ਗੱਲ ਦੀ ਪ੍ਰੋੜਤਾ ਕਰਦਾ ਹੋਇਆ ਲਿਖਦਾ ਹੈ ਕਿ ਔਰਤ ਦਾ ਭਲਾ ਸਿਰਫ ਹੁਕਮ ਮੰਨਣ ਵਿੱਚ ਹੈ।

ਜੈਨ ਧਰਮ ਵਿੱਚ ਔਰਤਾਂ ਦੀ ਸਥਿਤੀ ਵਧੀਆ ਨਹੀਂ ਸੀ। ਦਿੰਗਬਰ ਜੈਨੀਆਂ ਅਨੁਸਾਰ ਔਰਤ ਸਾਰੀ ਉਮਰ ਭਗਤੀ ਕਰਕੇ ਵੀ ਉਦੋਂ ਤੱਕ ਮੁਕਤੀ ਪ੍ਰਾਪਤ ਨਹੀਂ ਕਰ ਸਕਦੀ ਜਦੋਂ ਤੱਕ ਉਹ ਦੁਬਾਰਾ ਮਨੁੱਖ (ਮਰਦ) ਦਾ ਜਨਮ ਨਹੀਂ ਲੈਂਦੀ।

ਯੋਗ ਮੱਤ ਵਿੱਚ ਗੋਰਖ ਨਾਥ ਵੀ ਔਰਤ ਦੇ ਪ੍ਰਤੀ ਲਿਖਦਾ ਹੈ ਕਿ:-

"ਇਨ ਬਾਘਣ ਤ੍ਰੈ - ਲੋਈ ਖਾਈ।"

ਗੋਰਖ ਨਾਥ ਅਨੁਸਾਰ ਔਰਤ ਬਘਿਆੜਨ ਹੈ। ਉਸ ਨੇ (ਇੱਕ ਔਰਤ) ਸਾਰੀ ਦੁਨੀਆਂ ਦਾ ਨਾਸ਼ ਕਰ ਦਿੱਤਾ ਹੈ। ਗੋਰਖ ਨਾਥ ਅਨੁਸਾਰ ਜਿਵੇਂ ਲਕੜੀ ਨੂੰ ਘੁਣ ਖੋਖਲਾ ਕਰ ਦਿੰਦਾ ਹੈ ਉਸੇ ਤਰ੍ਹਾਂ ਹੀ ਔਰਤ ਮਰਦ ਦਾ ਨਾਸ਼ ਕਰ ਦਿੰਦੀ ਹੈ। ਜਿਵੇਂ :-

ਦਾਮ ਕਾਢ ਬਾਘਨਿ ਲੈ ਆਇਆ। ਮਾਓ ਕਹੈ ਮੇਰਾ ਪੂਤ ਬਿਹਾਇਆ ॥
ਗੀਲੀ ਲਕੜੀ ਕਉ ਘੁਣ ਲਾਇਆ।ਤਿਨ ਡਾਲ, ਮੂਲ ਸਵ ਖਾਇਆ।

ਮੁਸਲਿਮ ਧਰਮ ਵਿੱਚ ਔਰਤ ਦੀ ਸਥਿਤੀ ਬਹੁਤੀ ਸੰਤੋਖਜਨਕ ਨਹੀਂ। ਇਸਲਾਮੀ ਔਰਤ ਕਦੇ ਵੀ ਉਪਦੇਸ਼ਕ ਨਹੀਂ ਬਣ ਸਕਦੀ। ਨਮਾਜ਼ ਵੇਲੇ ਨਮਾਜ਼ੀਆਂ ਦੀ ਅਗਵਾਈ ਇੱਕ ਔਰਤ ਨਹੀਂ ਕਰ ਸਕਦੀ। ਇਸਲਾਮ ਮੰਨਦਾ ਹੈ ਕਿ ਚਾਰ ਔਰਤਾਂ ਦੀ ਗਵਾਹੀ ਇੱਕ ਮਰਦ ਦੀ ਗਵਾਹੀ ਦੇ ਬਰਾਬਰ ਹੈ।

ਇਸਲਾਮ ਧਰਮ ਵਿੱਚ ਵੀ ਮਰਦ ਨੂੰ ਉੱਤਮ ਦੱਸਿਆ ਗਿਆ ਹੈ ਕਿਉਂਕਿ ਉਹ ਆਪਣੀ ਕਮਾਈ ਨਾਲ ਔਰਤ ਦੀ ਦੇਖਭਾਲ ਕਰਦਾ ਹੈ। ਔਰਤ ਲਈ ਬੁਰਕਾ ਪਹਿਨਣਾ ਭਾਵ ਆਪਣੇ ਆਪ ਨੂੰ ਢੱਕ ਕੇ ਰੱਖਣਾ ਜਰੂਰੀ ਹੈ। ਇਸਲਾਮੀ ਔਰਤ ਆਪਣੇ ਤਨ ਦੀ ਨੁੰਮਾਇਸ਼ ਨਹੀਂ ਕਰਦੀ। ਉਹ ਅੱਜ ਵੀ ਬੁਰਕਾ ਪਹਿਨਦੀ ਹੈ।

ਈਸਾਈ ਧਰਮ ਵਿੱਚ ਵੀ ਔਰਤ ਨੂੰ ਤ੍ਰਿਸਕਾਰਿਆ ਜਾਂਦਾ ਹੈ। ਆਦਮੀ ਨੂੰ ਔਰਤ ਤੋਂ ਦੂਰ ਰਹਿਣ ਲਈ ਸੁਚੇਤ ਕੀਤਾ ਜਾਂਦਾ ਹੈ। ਈਸਾਈ ਧਰਮ ਅਨੁਸਾਰ ਸ਼ੈਤਾਨ ਔਰਤ ਦੇ ਰੂਪ ਵਿੱਚ ਮਰਦ ਨੂੰ ਡੇਗਦਾ ਹੈ। ਔਰਤ ਕਾਮ ਚੇਸ਼ਟਾ ਲਈ ਹੈ ਤੇ ਇੱਕ ਔਰਤ ਨੂੰ ਮਰਦ ਤੇ ਹੀ ਟੇਕ ਰੱਖਣੀ ਚਾਹੀਦੀ ਹੈ। ਅੱਜ ਤੱਕ ਇਸਤਰੀ 'ਪਾਦਰੀ' ਨਹੀਂ ਬਣ ਸਕੀ।

ਸਿੱਖ ਧਰਮ ਦੇ ਪਹਿਲੇ ਗੁਰੂ-ਗੁਰੂ ਨਾਨਕ ਦੇਵ ਜੀ ਨੇ ਪੁਰਾਤਨ ਵਿਚਾਰਾਂ ਦਾ ਖੰਡਨ ਕੀਤਾ ਹੈ ਜੋ ਇੱਕ ਔਰਤ ਨੂੰ ਨਿੰਦਦੇ ਸਨ। ਗੁਰੂ ਨਾਨਕ ਸਾਹਿਬ ਨੇ ਸਿੱਧ ਕੀਤਾ

ਕਿ ਇਸਤਰੀ ਜਾਂ ਪੁਰਸ਼ ਹੋਣ ਨਾਲ ਕੋਈ ਫਰਕ ਨਹੀਂ, ਉਸ ਅਕਾਲਪੁਰਖ ਦੀ ਦਰਗਾਹ ਵਿੱਚ ਸਿਰਫ ਚੰਗੇ ਅਮਲਾਂ ਦਾ ਹੀ ਮੁੱਲ ਪੈਂਦਾ ਹੈ। ਔਰਤ ਤੇ ਮਰਦ ਵਿਚਕਾਰ ਕੋਈ ਫਰਕ ਨਹੀਂ ਸਗੋਂ ਦੋਵੇਂ ਹੀ ਬਰਾਬਰ ਹਨ।

'ਆਸਾ ਦੀ ਵਾਰ' ਦੀ 19ਵੀਂ ਪਉੜੀ ਦੇ ਸਲੋਕ ਵਿੱਚ ਗੁਰੂ ਸਾਹਿਬ ਇਸਤਰੀ ਦੀ ਮਹੱਤਤਾ ਨੂੰ ਬਿਆਨ ਕਰਦੇ ਹਨ। ਗੁਰੂ ਸਾਹਿਬ ਨੇ ਦੱਸਿਆ ਕਿ ਹੇ ਮੂਰਖ ਲੋਕੋ ਇੱਕ ਇਸਤਰੀ ਕਰਕੇ ਹੀ ਤੁਸੀ ਸੰਸਾਰ ਵਿੱਚ ਆਏ ਹੋ। ਸਮਾਜਿਕ ਰਿਸ਼ਤਿਆਂ ਦੀ ਕਰਤਾ ਇੱਕ ਔਰਤ ਹੀ ਹੈ। ਮਰਦ ਇੱਕ ਇਸਤਰੀ ਕਰਕੇ ਹੀ ਸਮਾਜ ਵਿੱਚ ਆਇਆ ਹੈ। ਇੱਕ ਇਸਤਰੀ ਕਰਕੇ ਹੀ ਮਨੁੱਖ ਸੰਜਮਧਾਰੀ ਹੁੰਦਾ ਹੈ। ਗੁਰੂ ਸਾਹਿਬ ਆਪਣੇ ਫੁਰਮਾਨ ਵਿੱਚ ਬਿਆਨ ਕਰਦੇ ਹਨ ਕਿ ਤੂੰ ਇਸੇ (ਔਰਤ) ਭੰਡ ਤੋਂ ਉਪਜਿਆ ਹੈ ਮਰਦ, ਇਸੇ ਭਾਡੇ ਵਿੱਚ ਹੀ ਨਿੰਮਿਦਾ ਹੈ। ਇਸੇ ਨਾਲ ਹੀ ਵਿਆਹ ਦੇ ਬੰਨਣ ਵਿੱਚ ਬੰਨਿਆ ਗਿਆ ਹੈ ਇੱਕ ਔਰਤ ਨੇ ਹੀ ਸਭ ਕੁੱਝ ਸਿਖਾਇਆ ਹੈ ਫੇਰ ਇੱਕ ਔਰਤ ਨੇ ਹੀ ਤਾਂ ਰਾਜਿਆਂ, ਭਗਤਾਂ, ਸੂਰਮਿਆਂ, ਦਾਸੀਆਂ ਨੂੰ ਜਨਮ ਦਿੱਤਾ ਹੈ ਫੇਰ ਇੱਕ ਔਰਤ ਨੂੰ ਮੰਦਾ ਕਿਵੇਂ ਆਖਿਆ ਜਾ ਸਕਦਾ ਹੈ। ਅਕਾਲਪੁਰਖ ਦੀਆਂ ਨਜ਼ਰਾਂ ਵਿੱਚ ਤਾਂ ਉਹੀ ਮਨੁੱਖ ਉੱਜਲ ਹੈ (ਭਾਵੇ ਉਹ ਇਸਤਰੀ ਹੋਵੇ ਜਾਂ ਪੁਰਸ਼) ਜੋ ਉਸ ਅਕਾਲਪੁਰਖ ਦਾ ਜੱਸ ਗਾਉਂਦਾ ਹੈ

**ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥**

**ਆਸਾ ਕੀ ਵਾਰ (ਮ: ੧) – ਅੰਗ ੪੭੩**

ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਇੱਕ ਰਾਜੇ ਨੂੰ ਤਾਂ ਨਹਿਕਲੰਕੀ ਆਖਦੇ ਹੋ ਪਰ ਰਾਜੇ ਦੀ ਜਨਨੀ ਨੂੰ ਕਲੰਕਣੀ ਕਿਵੇਂ ਕਹਿ ਸਕਦੇ ਹੋ ? ਇੱਕ ਭੈੜੀ ਮਾਨਸਿਕ ਸੋਚ ਦੀ ਨਿਸ਼ਾਨੀ ਹੈ।

**ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥**

**ਆਸਾ ਕੀ ਵਾਰ (ਮ: ੧) – ਅੰਗ ੪੭੩**

ਇੱਕ ਔਰਤ ਤਾਂ ਉਹ ਹੈ ਜਿਸ ਵਿੱਚ ਚੱਜ ਹੈ ਅਚਾਰ ਹੈ, ਸੋਚ ਹੈ ਆਤਮਿਕ ਹੁਲਾਰਾ ਦੇਣ ਦੀ ਸ਼ਕਤੀ ਹੈ, ਇੱਕ ਔਰਤ ਪਦਾਰਥਵਾਦੀ ਨਹੀਂ। ਇਸੇ ਤਰ੍ਹਾਂ ਜਦੋਂ ਗੁਰੂ ਸਾਹਿਬ ਇੱਕ ਔਰਤ ਨੂੰ ਕੁੱਚਜੀ, ਕੁਨਾਰ ਜਾਂ ਦੁਹਾਗਣੀ ਕਰਮ ਕਰਦੇ ਹੋਏ ਦੇਖਦੇ ਹਨ ਤਾਂ ਉਹ ਚਿੰਤਾਤੁਰ ਹੋ ਜਾਂਦੇ ਹਨ। ਤਾਂ ਉਹ ਆਖਦੇ ਹਨ ਕਿ ਜੇ ਸੀਲ-ਸੰਜਮ ਤੇ ਸੱਚ ਸਾਰੇ ਹੀ ਨਿਕਲ ਗਏ ਤਾਂ ਜਿੰਦਗੀ ਜਿਊਣ ਜੋਗੀ ਨਹੀਂ ਰਹੇਗੀ।

**ਰੰਨਾ ਹੋਈਆ ਬੋਧੀਆ ਪੁਰਸ ਹੋਏ ਸਈਆਦ ॥**

**ਸਾਰੰਗ ਕੀ ਵਾਰ (ਮ: ੧) – ਅੰਗ ੧੨੪੩**

ਜਿਸ ਘਰ ਵਿੱਚ ਧੀ ਨਹੀਂ ਉਸ ਘਰ ਦੀ ਕੋਈ ਸਭਿਅਤਾ ਵੀ ਨਹੀਂ ਹੁੰਦੀ। ਧੀ ਤੋਂ ਬਿਨਾਂ ਘਰ, ਘਰ ਨਹੀਂ ਹੁੰਦਾ। ਮਨੁੱਖ ਦੀ ਦ੍ਰਿਸ਼ਟੀ ਗਿਧਾਂ ਵਾਲੀ ਹੋ ਜਾਵੇਗੀ ਜੇ ਘਰ ਵਿੱਚ ਧੀ ਨਹੀਂ ਹੋਵੇਗੀ, ਪਰ ਇੱਕ ਬੇਟੀ ਆਪਣੇ ਪਿਤਾ ਦੇ ਘਰ ਹੀ ਖੁੱਲ ਮਹਿਸੂਸ ਕਰ ਸਕਦੀ ਹੈ।

**ਬਾਬੁਲ ਕੈ ਘਰਿ ਬੇਟੜੀ ਬਾਲੀ ਬਾਲੈ ਨੇਹਿ ॥**

**ਰਾਮਕਲੀ ਓਅੰਕਾਰ (ਮ: ੧) – ਅੰਗ ੯੩੫**

ਸਿੱਖਿਆ ਦੇਣ ਵਾਲੀ ਮਾਂ ਹੀ ਹੋ ਸਕਦੀ ਹੈ

**ਮਾਤਾ ਮਤਿ ਪਿਤਾ ਸੰਤੋਖੁ ॥ ਗਉੜੀ (ਮ: ੧) – ਅੰਗ ੧੫੧**

ਜਦੋਂ ਮਾਤਾ ਕੋਈ ਸਿੱਖਿਆ ਦੇ ਰਹੀ ਹੋਵੇ ਤਾਂ ਪਿਤਾ ਨੂੰ ਦਖਲ ਅੰਦਾਜ਼ੀ ਨਹੀਂ ਕਰਨੀ ਚਾਹੀਦੀ ਜਿੱਥੇ ਮਾਂ ਦੇ ਬੋਲਦਿਆਂ ਪਿਤਾ ਦਖਲ ਅੰਦਾਜੀ ਕਰੇ ਤਾਂ ਬੱਚੇ ਦੀ ਘਾੜਤ, ਨਹੀਂ ਘੜੀ ਜਾ ਸਕਦੀ। ਪਿਤਾ ਨੇ ਸੰਤੋਖ ਰੱਖਣਾ ਹੈ '**ਮਾਤਾ ਧਰਤਿ ਮਹਤੁ**' ਮਾਂ ਧਰਤੀ ਵਰਗੀ ਹੈ ਜਿਹੜੀ ਦਿੰਦੀ ਨਹੀਂ ਥੱਕਦੀ, ਉਹ ਖਿਮਾਸ਼ੀਲ ਹੈ, ਦਇਆ ਦੀ ਮੂਰਤ ਹੈ। ਉਸ ਦਾ ਸਤਿਕਾਰ ਕਰਕੇ ਦੁਨੀਆਂ ਦੀ ਹਰ ਸ਼ੈ ਪ੍ਰਾਪਤ ਕੀਤੀ ਜਾ ਸਕਦੀ ਹੈ। ਮਾਂ ਦੀ ਅਸੀਸ ਵਿੱਚ ਬਹੁਤ ਆਪਣਾਪਣੇ ਹੁੰਦਾ ਹੈ। ਮਾਤਾ ਭਾਨੀ ਜੀ ਨੇ ਗੁਰੂ ਅਰਜਨ ਦੇਵ ਜੀ ਨੂੰ ਅਸੀਸ ਦਿੱਤੀ।

**ਪੂਤਾ ਮਾਤਾ ਕੀ ਆਸੀਸ ॥ ਗੂਜਰੀ (ਮ: ੫) – ਅੰਗ ੪੯੬**

ਭੈਣ ਭਰਾ ਦੇ ਰਿਸ਼ਤੇ ਨੂੰ ਗੁਰੂ ਸਾਹਿਬ ਫੁਰਮਾਉਂਦੇ ਹਨ ਕਿ

**ਬੀਰਾ ਬੀਰਾ ਕਰਿ ਰਹੀ ਬੀਰ ਭਏ ਬੈਰਾਇ ॥**

**ਰਾਮਕਲੀ ਓਅੰਕਾਰ (ਮ: ੧) – ਅੰਗ ੯੩੫**

ਭੈਣ ਭਰਾ ਦਾ ਰਿਸ਼ਤਾ ਨਿੱਘ ਭਰਿਆ ਹੁੰਦਾ ਹੈ ਦੋਹਾਂ ਵਿੱਚ ਖਿਚ ਹੁੰਦੀ ਹੈ ਇੱਕ ਦੂਜੇ ਲਈ। ਗੁਰੂ ਨਾਨਕ ਪਾਤਸ਼ਾਹ ਦੱਖਣੀ ਓਂਕਾਰ ਵਿੱਚ ਫੁਰਮਾਉਂਦੇ ਹਨ ਕਿ ਆਤਮਾ ਤੇ ਸਰੀਰ ਜਦ ਆਤਮਾ ਰੂਪੀ ਵੀਰ ਉਤ੍ਰ ਜਾਂਦੀ ਹੈ ਤਾਂ ਸਰੀਰ ਵੀਰਾ ਵੀਰਾ ਪੁਕਾਰਦਾ ਹੈ ਕਿਉਂਕਿ ਵੀਰ ਰੂਪੀ ਆਤਮਾ ਉਸਦੇ ਅੰਦਰ ਵੱਸਦੀ ਸੀ ਤੇ ਉਹ ਉਨੀ ਦੇਰ ਤੱਕ ਤੜਫਦੀ ਰਹਿੰਦੀ ਹੈ ਜਿੰਨੀ ਦੇਰ ਤੱਕ ਸਰੀਰ ਨੂੰ ਜਲਾ, ਸਾੜ ਜਾਂ ਦਫਨਾਇਆ ਨਹੀਂ ਜਾਂਦਾ।

**ਬੀਰਾ ਬੀਰਾ ਕਰਿ ਰਹੀ ਬੀਰ ਭਏ ਬੈਰਾਇ ॥**
**ਬੀਰ ਚਲੇ ਘਰਿ ਆਪਣੈ ਬਹਿਣ ਬਿਰਹਿ ਜਲਿ ਜਾਇ ॥**

**– ਰਾਮਕਲੀ ਓਅੰਕਾਰ (ਮ: ੧) – ਅੰਗ ੯੩੫**

ਗੁਰੂ ਸਾਹਿਬ ਨੇ ਸੰਸਾਰ ਨੂੰ ਸੁਚੇਤ ਕਰਦਿਆਂ 'ਏਕ ਨਾਰੀ ਜਤੀ' ਨਾ ਹੋਣ ਦੇ ਹੀ ਭਿਆਨਕ ਸਿੱਟੇ ਏਡਜ ਵਰਗੀਆਂ ਨਾਮੁਰਾਦ ਬੀਮਾਰੀਆਂ ਲਗਦੀਆਂ ਹਨ। ਗੁਰੂ ਪਾਤਸ਼ਾਹ ਨੇ ਔਰਤ ਨੂੰ ਬਰਾਬਰ ਦੀ ਭਾਈਵਾਲ ਦੱਸਿਆ। ਭਾਈ ਗੁਰਦਾਸ ਜੀ ਨੇ ਔਰਤ ਦੇ ਸਤਿਕਾਰ ਨੂੰ ਬਿਆਨਦਿਆਂ ਲਿਖਿਆ ਹੈ ਕਿ ਦੂਸਰੀਆਂ ਔਰਤਾਂ ਨੂੰ ਮਾਵਾਂ ਭੈਣਾ ਜਾਣਨਾ ਹੈ ਆਪ ਜੀ ਦਾ ਫੁਰਮਾਨ ਹੈ ਕਿ

**ਦੇਖਿ ਪਰਾਈਆ ਚੰਗੀਆ ਮਾਵਾਂ ਭੈਣਾਂ ਧੀਆਂ ਜਾਣੈ।**

ਗੁਰੂ ਨਾਨਕ ਪਾਤਸ਼ਾਹ ਜੀ ਦੇ ਰਾਹ 'ਤੇ ਚਲਦਿਆਂ ਤੀਜੇ ਪਾਤਸ਼ਾਹ ਗੁਰੂ ਅਮਰਦਾਸ ਜੀ ਨੇ ਸਤੀ ਪ੍ਰਥਾ ਦਾ ਵਿਰੋਧ ਕੀਤਾ। ਆਪ ਜੀ ਦਾ ਫੁਰਮਾਨ ਹੈ ਕਿ –

**ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨ੍ਹਿ ॥**

**ਸੂਹੀ ਕੀ ਵਾਰ (ਮ: ੩) – ਅੰਗ ੭੮੭**

ਤੀਜੇ ਪਾਤਸ਼ਾਹ ਜੀ ਨੇ ਪਰਦਾ ਪ੍ਰਥਾ ਦੀ ਵੀ ਮਨਾਹੀ ਕਰ ਦਿੱਤੀ। ਇਸਤਰੀ ਪੁਰਸ਼ ਨੂੰ ਬਰਾਬਰ ਦਾ ਦਰਜਾ ਦਿੱਤਾ ਅਤੇ ਇਸਤਰੀ ਨੂੰ ਖੁੱਲ ਦਿੱਤੀ ਕਿ ਇਸਤਰੀ ਵੀ ਗੁਰਬਾਣੀ ਤੋਂ ਸੇਧ ਲੈ ਕੇ ਆਪਣਾ ਜੀਵਨ ਸਫਲ ਕਰੇ। ਅੱਜ ਇਹੀ ਕਾਰਨ ਹੈ ਕਿ ਗੁਰਦੁਆਰਿਆਂ ਵਿੱਚ ਪ੍ਰਚਾਰਕ ਬੀਬੀਆਂ ਸੇਵਾ ਨਿਭਾ ਰਹੀਆਂ ਹਨ। ਗੁਰੂ ਨਾਨਕ ਪਾਤਸ਼ਾਹ ਜੀ ਦੇ ਰਾਹ ਤੇ ਚਲਦਿਆਂ ਹੀ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਖੰਡੇ ਬਾਟੇ ਦਾ ਅੰਮ੍ਰਿਤ ਬੀਬੀਆਂ ਨੂੰ ਵੀ ਛਕਾਇਆ ਤੇ ਉਨ੍ਹਾਂ ਨੂੰ ਸ਼ੇਰਨੀ ਬਣਾ ਦਿੱਤਾ। ਬਾਕੀ ਧਰਮਾਂ ਵਿੱਚ ਇਸਤਰੀ ਧਾਰਮਿਕ ਕੰਮਾਂ ਵਿੱਚ ਹਿੱਸਾ ਨਹੀਂ ਲੈ ਸਕਦੀ ਸੀ ਪਰ ਸਿੱਖ ਧਰਮ ਵਿੱਚ ਅੰਮ੍ਰਿਤ ਪਾਨ, ਇਸਤਰੀ ਲਈ ਜ਼ਰੂਰੀ ਕਰ ਦਿੱਤਾ।

ਇਸ ਤੋਂ ਸੇਧ ਲੈ ਕੇ ਹੀ ਸਿੱਖ ਬੀਬੀਆਂ ਯੁੱਧ ਦੇ ਮੈਦਾਨ ਵਿੱਚ ਜੂਝੀਆਂ। ਸਿੱਖ ਇਤਿਹਾਸ ਪੜ੍ਹਦਿਆਂ ਮਹਿਸੂਸ ਹੁੰਦਾ ਹੈ ਕਿ ਇਸਤਰੀ ਬਹਾਦਰ ਹੈ, ਮਹਾਨ ਹੈ, ਸ਼ਾਸਤਰਾਂ ਅਨੁਸਾਰ ਇਸਤਰੀ ਸ਼ਕਤੀ ਹੈ। ਇਸਤਰੀ ਸ਼ੇਰਨੀ ਹੈ। ਪਰ ਇੱਕ ਇਸਤਰੀ ਮਮਤਾ ਦੀ ਮੂਰਤ ਹੈ ਜਿਸਨੂੰ ਅਸੀ ਮਾਂ, ਭੈਣ ਕਹਿੰਦੇ ਹਾਂ। ਅਸਲ ਵਿੱਚ ਇਸਤਰੀ ਤਾਂ ਆਪਣੇ ਆਪ ਨੂੰ ਸਥਿਤੀ ਅਨੁਸਾਰ ਢਾਲਣ ਵਾਲੀ ਹੈ। ਇੱਕ ਪਿਆਰ ਬਦਲੇ ਸਭ ਕੁਝ ਨਿਛਾਵਰ ਕਰਨ ਵਾਲੀ ਹੈ। ਇਸਤਰੀ ਭੋਗ ਵਿਲਾਸ ਦੀ ਵਸਤੂ ਨਹੀਂ, ਪਰ ਇਸਤਰੀ ਦਾ ਸੰਗ ਕਰਨ ਲਈ ਸਿੱਖ ਧਰਮ ਵਿੱਚ ਮਨਾਹੀ ਕਰਕੇ ਹਰ ਔਰਤ ਦਾ ਸਤਿਕਾਰ ਹੀ ਸਿਖਾਇਆ ਗਿਆ ਹੈ। ਇਸੇ ਕਰਕੇ ਪਰ ਇਸਤਰੀ ਨੂੰ ਮਾਂ ਭੈਣ ਜਾਣਨ ਦਾ ਹੁਕਮ ਸਾਨੂੰ ਗੁਰੂ ਸਾਹਿਬਾਨ ਨੇ ਦਿੱਤਾ ਹੈ।

ਗੁਰੂ ਗੋਬਿੰਦ ਸਿੰਘ ਜੀ ਦੇ ਜਿਹੜੇ ਹੁਕਮਨਾਮੇ ਸਾਨੂੰ ਮਿਲਦੇ ਹਨ ਉਹਨਾਂ ਵਿਚੋਂ ਕਈ ਹੁਕਮ ਅਜਿਹੇ ਹਨ ਜੋ ਇਸਤਰੀ ਦੇ ਅਕਸ਼ ਨੂੰ ਉੱਚਾ ਚੁੱਕਦੇ ਹਨ ਜਿਵੇਂ- ਪੰਦਰਵਾ ਹੁਕਮ ਹੈ ਕਿ ਪਰ ਇਸਤਰੀ ਮਾਂ ਭੈਣ ਧੀ ਭੈਣ ਕਰ ਜਾਣਨੀ 16ਵਾਂ ਹੁਕਮ -

**ਇਸਤਰੀ ਦਾ ਮੂੰਹ ਨਹੀਂ ਫਿਟਕਾਰਨਾ। ਪੁੱਤਰੀ ਦਾ ਧੰਨ ਬਿਖ ਜਾਣਨਾ।**

ਸਿਮਰਨ ਕੌਰ ਪ੍ਰਸਿੱਧ ਸਿੱਖ ਬੀਬੀਆਂ ਪੁਸਤਕ ਵਿੱਚ ਲਿਖਦੇ ਹਨ ਕਿ, ਜੇ ਅਸਲ ਰੂਪ ਔਰਤ ਦਾ ਦੇਖਣਾ ਚਾਹੁੰਦੇ ਹੋ ਤਾਂ ਪਹਿਲਾਂ ਸਾਰੇ ਗੁਰੂ ਘਰਾਂ ਵਿੱਚ ਔਰਤ ਦਾ ਕਿਤਨਾ ਆਦਰ ਸੀ ਪੜ੍ਹੋ, ਫਿਰ ਸਿੱਖ ਇਤਿਹਾਸ ਨੂੰ ਪੜ੍ਹੋ ਕਿਉਂਕਿ ਅਗਲਾ ਕਦਮ ਤਾਂ ਹੀ ਚੁੱਕ ਸਕੋਗੇ ਜੇ ਪਿਛਲਾ ਮਜ਼ਬੂਤ ਹੈ। ਅੱਜ ਔਰਤ ਨੌਕਰੀ ਪੇਸ਼ੇ ਵਾਲੀ ਹੋਣ ਕਰਕੇ ਬਾਹਰ ਜਾ ਰਹੀ ਹੈ। ਉਸਦਾ ਪਹਿਰਾਵਾ, ਖਾਣ ਪੀਣ ਸਭ ਕੁਝ ਬਦਲ ਰਿਹਾ ਹੈ। ਸਾਨੂੰ ਪੜ੍ਹ ਲਿਖ ਕੇ ਬਦਲਣਾ ਤਾਂ ਆਪਣੀ ਸੋਚ ਨੂੰ ਚਾਹੀਦਾ ਸੀ। ਇੱਕ ਔਰਤ ਨੇ ਪੜ੍ਹ ਲਿਖ ਕੇ ਬਲਸ਼ਾਲੀ ਹੋਣਾ ਸੀ ਪਰ ਉਹ ਅਬਲਾ ਹੀ ਬਣ ਕੇ ਰਹਿ ਗਈ ਹੈ। ਬਲਾਤਕਾਰ ਦੀ ਸ਼ਿਕਾਰ ਹੋ ਰਹੀ ਹੈ। ਗੁਰੂ ਨਾਨਕ ਸਾਹਿਬ ਨੇ ਉਸਨੂੰ ਅਜਿਹਾ ਭੰਡ ਕਿਹਾ ਹੈ ਜਿਸਤੋਂ ਸਾਰਾ ਸਮਾਜ ਉਪਜਦਾ ਹੈ। ਪਰ ਇਹ ਵੀ ਹੈ ਕਿ ਜੇ ਭਾਂਡਾ ਮਜਬੂਤ ਹੋਵੇਗਾ ਤਾਂ ਉਸ ਵਿੱਚ ਵਸਤੂ ਵੀ ਟਿਕੀ ਰਹੇਗੀ ਕਿਉਂਕਿ ਔਰਤ ਵਿੱਚ ਸ਼ਕਤੀ ਹੈ ਕਿਸੇ ਨੂੰ ਵੀ ਆਪਣਾ ਜਿਹਾ ਬਣਾਉਣ ਦੀ। ਕਿਉਂਕਿ ਜਿਵੇਂ ਤਿੜਕੇ ਹੋਏ ਭਾਂਡੇ ਵਿੱਚ ਕੋਈ ਚੀਜ਼ ਨਹੀਂ ਟਿਕਦੀ ਉਸੇ ਤਰ੍ਹਾਂ ਹੀ ਕਮਜੋਰ ਆਚਰਣ ਦੀ ਔਰਤ ਸਮਾਜ ਦਾ ਵਿਕਾਸ ਨਹੀਂ ਕਰ ਸਕਦੀ। ਇਸ ਲਈ ਔਰਤ ਦਾ ਮਜ਼ਬੂਤ ਹੋਣਾ ਜ਼ਰੂਰੀ ਹੈ ਔਰਤ ਨੇ ਹਰ ਰੂਪ ਵਿੱਚ ਬੇਟੀ, ਭੈਣ, ਪਤਨੀ ਅਤੇ ਮਾਂ ਵਰਗੇ ਰਿਸ਼ਤੇ ਵਿੱਚ ਆਪਣਾ ਫਰਜ਼ ਨਿਭਾਉਣਾ ਹੈ। ਜੇ ਇੱਕ ਇਸਤਰੀ ਬੇਟੀ ਦੇ ਰੂਪ ਵਿੱਚ ਹੈ ਤਾਂ ਉਸਨੇ ਸ਼ਰਮ ਅਤੇ ਚੰਗੇ ਕਰਮਾਂ ਦੇ ਬੰਨਣ ਵਿੱਚ ਰਹਿਣਾ ਹੈ ਜੇ

ਔਰਤ ਪਤਨੀ ਹੈ ਤਾਂ ਸਾਰਿਆਂ ਦਾ ਮਾਨ ਸਨਮਾਨ ਕਾਇਮ ਕਰਦਿਆਂ ਨਿਮਾਣੀ ਜਿਹੀ ਬਣ ਕੇ ਰਹਿਣਾ ਹੈ।

ਇਸਤਰੀ ਭੈਣ ਦੇ ਰੂਪ ਵਿੱਚ ਹੈ ਤਾਂ ਵੀ ਉਹ ਨੇ ਇੱਜ਼ਤ ਦੀ ਸੀਮਾ ਵਿੱਚ ਰਹਿਣਾ ਹੈ, ਜੇ ਉਹ ਮਾਂ ਹੈ ਤਾਂ ਉਹ ਗੁੱਸੇ ਅਤੇ ਪਿਆਰ ਦੋਨਾਂ ਨਾਲ ਹੀ ਆਪਣੇ ਪਰਿਵਾਰ ਦੀ ਪਰਿਵਰਿਸ਼ ਕਰਨੀ ਹੈ ਕਿਉਂਕਿ ਜੋ ਉਸਦੀ ਕੁੱਖ ਤੋਂ ਜਨਮਿਆ ਹੈ ਉਸਨੂੰ ਉਹ ਆਪ ਹੀ ਸਹੀ ਦਿਸ਼ਾ ਪ੍ਰਦਾਨ ਕਰ ਸਕਦੀ ਹੈ। ਭੁੱਲੇ ਭਟਕੇ ਨੂੰ ਸਿੱਧੇ ਰਾਹ ਕਿਵੇਂ ਪਾਉਣਾ ਇੱਕ ਮਾਂ ਹੀ ਜਾਣਦੀ ਹੈ। ਇਸਦੀ ਉਦਾਹਰਣ ਮਾਹਾਰਾਣੀ ਜਿੰਦ ਕੌਰ ਹੈ, ਪਰ ਮਾਂ ਨੂੰ ਵੀ ਮਜਬੂਤ ਬਣਨ ਲਈ ਸਮੇਂ ਦੀ ਨਜਾਕਤ ਨੂੰ ਪਹਿਚਾਨਣਾ ਪਵੇਗਾ। ਆਪਣੇ ਮਾਨ ਸਨਮਾਨ ਲਈ ਮਾਈ ਭਾਗੋ ਵਾਂਗ ਯੁੱਧ 'ਚ ਨਿਤਰਨਾ ਪਵੇਗਾ। ਭਾਵੇਂ ਅੱਜ ਅਸੀਂ ਪੜ੍ਹ ਲਿੱਖ ਕੇ ਸਭਿਅਕ ਹੋਣ ਦੀ ਗੱਲ ਕਰਦੇ ਹਾਂ ਪਰ ਔਰਤਾਂ ਦੇ ਅਪਰਾਧ ਵੱਧਦੇ ਹੀ ਜਾ ਰਹੇ ਹਨ। ਲੋੜ ਹੈ ਅੱਜ ਦੀ ਔਰਤ ਨੂੰ ਆਪਣਾ ਮਾਣ ਸਨਮਾਨ ਕਾਇਮ ਕਰਨ ਦੀ ਪਰ ਇਹ ਤਾਂ ਹੀ ਸੰਭਵ ਹੋ ਸਕਦਾ ਹੈ ਜਦੋਂ ਅਸੀਂ ਆਪਣਾ ਆਪ ਪਰਖਾਂਗੇ। ਸਾਨੂੰ ਜਰੂਰਤ ਹੈ ਇੱਕ ਵਾਰ ਪੂਰੀ ਤਰ੍ਹਾਂ ਤਿਆਰ ਹੋ ਕੇ ਆਪਣਾ ਅੰਦਰ ਦੇਖਣ ਦੀ ਕਿਉਂਕਿ ਸਰੀਰ ਦੀ ਨੁਮਾਇਸ਼ ਕਰਕੇ ਹੀ ਅਸੀਂ ਸਮਾਜ ਦੀ ਸਭਿਅਕ ਹੋਣ ਦੀ ਨਿਸ਼ਾਨੀ ਨਹੀਂ ਦੱਸ ਸਕਦੇ। ਇੱਕ ਇਸਤਰੀ ਨੂੰ ਆਪਣੇ ਹੱਕਾਂ ਦੀ ਰਾਖੀ ਲਈ ਆਪਣੇ ਆਪ ਦੀ ਸ੍ਵੈ ਪੜਚੋਲ ਕਰਨੀ ਪਵੇਗੀ ਤਾਂ ਜੋ ਆਪਣੀ ਹੋਂਦ ਕਾਇਮ ਰਹਿ ਸਕੇ। ਮਾਈ ਭਾਗੋ ਨੇ ਯੁੱਧ ਦੀ ਕਮਾਨ ਸੰਭਾਲੀ ਤਾਂ ਬੇਦਾਵੀਆਂ ਨੇ ਬੇਦਾਵਾ ਪੜਵਾਇਆ। ਜੇਕਰ ਮਾਈ ਭਾਗੋ ਅਗਵਾਈ ਨਾ ਕਰਦੀ ਤਾਂ ਸ਼ਾਇਦ ਸਾਡੀ ਅੱਜ ਵੱਖਰੀ ਪਛਾਣ ਨਾ ਬਣਦੀ।

ਜਿਸ ਸਮਾਜ ਵਿੱਚ ਔਰਤਾਂ ਰੱਖਿਆ ਕਰਨ ਦੇ ਕਾਬਲ ਬਣ ਜਾਣ ਉਹ ਕੌਮਾ ਕਦੇ ਵੀ ਨਹੀਂ ਮਰਦੀਆਂ। ਸੋ ਅੱਜ ਦੀਆਂ ਭੈਣਾਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਮਾਣ ਮੱਤੇ ਇਤਿਹਾਸ ਨੂੰ ਪੜ ਕੇ ਆਪਣੇ ਵਿਚਾਰਾਂ ਵਿੱਚ ਅਪਣਾ ਕੇ ਨਵਾਂ ਸਮਾਜ ਸਿਰਜਣ ਯੋਗ ਬਣਾਉਣ। ਜਰੂਰਤ ਹੈ ਅੱਜ ਸਿੱਖ ਇਤਿਹਾਸ ਪੜ੍ਹਣ ਦੀ। ਕਿਉਂਕਿ ਬੀਬੀਆਂ ਨੇ ਅਸਹਿ ਤੇ ਅਕਹਿ ਕਸ਼ਟ ਸਹਾਰ ਕੇ ਸਿੱਖੀ ਦੀ ਆਨ ਤੇ ਸ਼ਾਨ ਨੂੰ ਉੱਚਾ ਚੁੱਕਿਆ।

ਅੰਤ ਵਿੱਚ ਇਹ ਹੀ ਕਿਹਾ ਜਾ ਸਕਦਾ ਹੈ ਕਿ ਸਿੱਖ ਧਰਮ ਵਿੱਚ ਇਸਤਰੀ ਨੂੰ ਪੂਰਨ ਰੂਪ ਵਿੱਚ ਅਜਾਦੀ ਦਿੱਤੀ ਗਈ ਹੈ, ਉਸਦੇ ਅਧਿਕਾਰ ਬਰਾਬਰ ਹਨ। ਉਸਨੂੰ ਧਾਰਮਿਕ ਸਮਾਜਿਕ ਅਤੇ ਆਰਥਿਕ ਕੰਮਾਂ ਵਿੱਚ ਪੂਰੀ ਤਰ੍ਹਾਂ ਅਜ਼ਾਦੀ ਹੈ। ਉਹ ਵਿਦਿਆ ਪੜ੍ਹ ਸਕਦੀ ਹੈ ਤੇ ਵਿਦਿਆ ਪੜ੍ਹਾ ਸਕਦੀ ਹੈ। ਪਰਦੇ ਦੀ ਬੰਦਸ਼ ਤੋਂ ਮੁਕਤ ਹੈ। ਉਹ ਮਰਦ ਦੇ ਬਰਾਬਰ ਜੰਗ 'ਚ ਹਿੱਸਾ ਲੈ ਸਕਦੀ ਹੈ। ਯੁੱਗਾਂ ਤੋਂ ਲਿਤਾੜੀ ਹੋਈ ਔਰਤ ਨੂੰ ਗੁਰੂ ਸਾਹਿਬ ਨੇ ਉੱਪਰ ਚੁੱਕਿਆ ਤੇ ਸਮਾਜ ਵਿੱਚ ਉਸਨੂੰ ਮਾਣ ਸਨਮਾਨ ਦਿਵਾਇਆ। ਦੁਨੀਆਂ ਭਰ 'ਚ ਇਹ ਇੱਕ ਇਨਕਲਾਬ ਸੀ। ਅੱਜ ਦੀ ਔਰਤ ਨੂੰ ਆਪਣਾ ਆਪ ਪਛਾਣਨ ਦੀ ਲੋੜ ਹੈ ਤੇ ਸੇਧ ਪ੍ਰਾਪਤ ਕਰਕੇ ਆਪਣੇ ਮਾਣ ਸਨਮਾਨ ਨੂੰ ਕਾਇਮ ਰੱਖਣਾ ਚਾਹੀਦਾ ਹੈ। ਅੱਜ ਵਿਚਾਰਨ ਯੋਗ ਗੱਲ ਹੈ ਕਿ ਸਾਡੀਆਂ ਮਾਵਾ ਭੈਣਾ ਆਦਿ ਨੇ ਕਿੰਨਾ ਮਜ਼ਬੂਤ ਜੀਵਨ ਬਤੀਤ ਕੀਤਾ ਸੀ ? ਅਤੇ ਅੱਜ ਅਸੀਂ ਕਿਸ ਸਥਾਨ ਤੇ ਹਾਂ ?

## ਰੱਬ ਅੰਦਰ ਵਸਦਾ

ਨਿਹਚਲ ਦੀਪ ਕੌਰ

ਰੱਬ ਤੇਰੇ ਬੈਠਾ ਅੰਦਰ
ਤੂੰ ਬਣਾਏ ਗਿਰਜੇ ਮੰਦਰ
ਰੋਜ਼ ਉਹਨਾਂ ਅੰਦਰ ਜਾਕੇ
ਫਿਰੇ ਤੂੰ ਰੱਬ ਲੱਭਦਾ
ਰੱਬ ਤੇਰੇ ਅੰਦਰ ਵੱਸਦਾ
ਤੂੰ ਐਵੇਂ ਇੱਧਰ ਉੱਧਰ ਭੱਜਦਾ

ਮੱਥੇ ਟੇਕੇ ਸਾਧ ਮਨਾਵੇ
ਉਹਨਾਂ ਕੋਲੋਂ ਫਿਰੇ ਲੱਭਦਾ
ਮਾਰ ਝਾਤ ਆਪਣੇ ਅੰਦਰ
ਰੱਬ ਤੇਰੇ ਅੰਦਰ ਵੱਸਦਾ
ਤੂੰ ਐਵੇਂ ਇੱਧਰ ਉੱਧਰ ਭੱਜਦਾ

ਉਹ ਨਾਂ ਸੁੱਤਾ ਤੂੰ ਜਗਾਉਂਦਾ ਫਿਰੇਂ
ਸੁਭਾ ਉੱਠ ਟੱਲ ਖੜਕਾਉਂਦਾ ਫਿਰੇਂ
ਤੂੰ ਬੁਲਾਏਗਾ ਉਹ ਬੋਲ ਪਊ
ਸਾਰੇ ਪੜਦੇ ਖੋਹਲ ਦਊ
ਰੱਬ ਤੇਰੇ ਅੰਦਰ ਵੱਸਦਾ
ਤੂੰ ਐਵੇਂ ਇੱਧਰ ਉੱਧਰ ਭੱਜਦਾ

ਉਸ ਨੂੰ ਤੂੰ ਪਾ ਲਏ
ਸਦਾ ਲਈ ਆਪਣਾ ਬਣਾ ਲੈ
ਉਸਨੂੰ ਤੂੰ ਮਨਾ ਲੈ
ਆਪਣੇ ਅੰਦਰ ਵਸਾ ਲੈ
ਰੱਬ ਤੇਰੇ ਅੰਦਰ ਵੱਸਦਾ
ਤੂੰ ਐਵੇਂ ਇੱਧਰ ਉੱਧਰ ਭੱਜਦਾ

**ਧੰਨਵਾਦ ਸਾਹਿਤ ਵਿਚੋਂ :- ਸੱਚੇ ਬੋਲ**

## ਭਾਈ ਨੰਦ ਲਾਲ 'ਗੋਯਾ'

ਪ੍ਰੋ. ਪਿਆਰਾ ਸਿੰਘ ਪਦਮ

ਭਾਈ ਨੰਦ ਲਾਲ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿੱਤ ਦਰਬਾਰ ਵਿੱਚੋਂ ਵਧੀਆ ਆਲਮ ਫ਼ਾਜ਼ਲ ਸ਼ਾਇਰ ਤੇ ਸ਼ਿਰੋਮਣੀ ਸਿਦਕੀ ਸਿੱਖ ਸਨ। ਆਪ ਦੀਆਂ ਫ਼ਾਰਸੀ ਰਚਨਾਵਾਂ ਕੇਵਲ ਧਾਰਮਿਕ ਦ੍ਰਿਸ਼ਟੀ ਤੋਂ ਹੀ ਨਹੀਂ, ਸਾਹਿੱਤਕ ਨਜ਼ਰੀਏ ਤੋਂ ਵੀ ਉੱਚੀ ਪੱਧਰ ਦੀਆਂ ਹਨ। ਆਪ ਦਾ ਜਨਮ ਮੁਨਸ਼ੀ ਛੱਜੂ ਰਾਮ ਦੇ ਘਰ 1633 ਈ: ਵਿੱਚ ਹੋਇਆ, ਪਿਤਾ ਚੂੰਕਿ ਸਰਕਾਰੀ ਮੁਲਾਜ਼ਮਤ ਵਿੱਚ ਸਨ, ਉਨ੍ਹਾਂ ਦੀ ਬਦਲੀ ਗਜ਼ਨੀ ਹੋ ਗਈ। ਇਸ ਕਰਕੇ ਨੰਦ ਲਾਲ ਦੀ ਮੁੱਢਲੀ ਪੜ੍ਹਾਈ ਫ਼ਾਰਸੀ ਵਿੱਚ ਹੀ ਹੋਈ ਤੇ ਉੱਥੇ ਚਿਰਕਾਲ ਰਹਿਣ ਕਰਕੇ ਅਰਬੀ ਫ਼ਾਰਸੀ ਦਾ ਡੂੰਘਾ ਅਧਿਐਨ ਕੀਤਾ। 1652 ਈ. ਵਿੱਚ

ਪਿਤਾ ਦੇ ਦੇਹਾਂਤ ਹੋ ਜਾਣ ਕਾਰਨ ਆਪ ਵਾਪਸ ਆਪਣੇ ਘਰ ਮੁਲਤਾਨ ਆ ਗਏ । ਇਹ ਟਿਕਾਣਾ ਦਿੱਲੀ ਦਰਵਾਜ਼ੇ ਲਾਗੇ ਆਗ਼ਾਪੁਰ ਨਾਮੀ ਬਸਤੀ ਵਿੱਚ ਸੀ ।

ਨੰਦ ਲਾਲ ਜੀ ਨੇ ਨਵਾਬ ਵੱਸਾਫ਼ ਖ਼ਾਂ ਹਾਕਮ ਮੁਲਤਾਨ ਪਾਸ ਨੌਕਰੀ ਕਰ ਲਈ । ਪਹਿਲੇ ਮੁਨਸ਼ੀ, ਮੀਰ ਮੁਨਸ਼ੀ,ਫਿਰ ਕਿਲ੍ਹੇਦਾਰ ਤੇ ਫ਼ੌਜਦਾਰ ਨੀਅਤ ਹੋਏ । ਉਸ ਜ਼ਮਾਨੇ ਕਿਸੇ ਗ਼ੈਰ-ਮੁਸਲਮ ਦਾ ਉੱਚੇ ਅਹੁਦਿਆਂ 'ਤੇ ਲੱਗਣਾ ਕੇਵਲ ਉਸ ਦੀ ਯੋਗਤਾ ਤੇ ਮਿਹਨਤ 'ਤੇ ਹੀ ਨਿਰਭਰ ਕਰਦਾ ਸੀ, ਇਹੋ ਖ਼ੂਬੀਆਂ ਸਨ, ਜਿਸ ਕਰਕੇ ਆਪ ਦਾ ਮਰਾਤਬਾ ਵਧਦਾ ਗਿਆ ਤੇ ਆਖ਼ਰ ਆਪ ਮੁਲਤਾਨ ਦੇ ਨਾਇਬ ਸੂਬੇਦਾਰ ਦੇ ਅਹੁਦੇ 'ਤੇ ਰਹੇ । ਇਸ ਪਿੱਛੋਂ ਕੁਝ ਅਰਸੇ ਲਈ ਆਪ ਸ਼ਹਿਜ਼ਾਦਾ ਆਜ਼ਮ ਤੇ ਮੁਹੰਮਦ ਅਕਬਰ ਅਧੀਨ ਵੀ ਆਪਣਾ ਕਰਤੱਵ ਨਿਭਾਉਂਦੇ ਰਹੇ ।

ਸ਼ਾਇਦ ਇਹ ਗੱਲ ੧੬੯੫ ਈ: ਦੀ ਹੈ ਜਦ ਕਿ ਆਪ ਨੂੰ ਸ਼ਹਿਜ਼ਾਦਾ ਮੁਅੱਜ਼ਮ (ਬਹਾਦਰ ਸ਼ਾਹ) ਸੂਬੇਦਾਰ ਆਗਰਾ ਨੇ ਮੁਲਾਜ਼ਮਤ ਵਿੱਚ ਲੈ ਕੇ ਆਣਾ ਮੀਰ ਮੁਨਸ਼ੀ ਬਣਾਇਆ । ਇੱਕ ਵਾਰ ਸ਼ਾਹੀ ਦਰਬਾਰ ਵਿੱਚ ਕੁਰਾਨ ਦੀ ਕਿਸੇ ਆਇਤ ਬਾਰੇ ਵਿਚਾਰ ਚਰਚਾ ਚੱਲੀ, ਪਰ ਔਰੰਗਜ਼ੇਬ ਦੀ ਇਸ ਅਰਥ ਵਿਆਖਿਆ ਨਾਲ ਤਸੱਲੀ ਨਾ ਹੋਈ ਤਾਂ ਸ਼ਹਿਜ਼ਾਦਾ ਮੁਅੱਜ਼ਮ ਨੇ ਕੁਝ ਮੁਹਲਤ ਮੰਗੀ ਤੇ ਉਸ ਆ ਕੇ ਨੰਦ ਲਾਲ ਜੀ ਨਾਲ ਵਿਚਾਰ ਕੀਤੀ । ਅਰਥਾਂ ਨਾਲ ਸ਼ਹਿਜ਼ਾਦੇ ਤੇ ਬਾਦਸ਼ਾਹ ਦੋਹਾਂ ਦੀ ਤਸੱਲੀ ਹੋ ਗਈ । ਬਾਦਸ਼ਾਹ ਨੇ ਆਪਣੀਆਂ ਆਦਤਾਂ ਅਨੁਸਾਰ ਸ਼ਹਿਜ਼ਾਦੇ ਨੂੰ ਕਿਹਾ ਕਿ ਐਸਾ ਆਲਮ ਫ਼ਾਜ਼ਲ ਆਦਮੀ ਜੇਕਰ ਇਸਲਾਮੀ ਘੇਰੇ ਵਿੱਚ ਆ ਜਾਏ ਤਾਂ ਚੰਗਾ ਹੈ । ਜਦ ਇਸ ਗੱਲ ਦੀ ਸੂਹ ਨੰਦ ਲਾਲ ਨੂੰ ਮਿਲੀ ਤਾਂ ਉਨ੍ਹਾਂ ਸਭ ਕੁਝ ਛੱਡ ਕੇ ਅਨੰਦਪੁਰ ਗੁਰੂ ਗੋਬਿੰਦ ਸਿੰਘ ਜੀ ਪਾਸ ਪਹੁੰਚਣਾ ਹੀ ਸਭ ਤੋਂ ਬਿਹਤਰ ਰਾਹ ਸਮਝਿਆ । ਉਹ ਅਨੰਦਪੁਰ ਆ ਗਏ ਤੇ ਆਪਣੀ ਲਿਆਕਤ ਤੇ ਸ਼ਰਧਾ ਸਿਦਕ ਕਾਰਨ ਛੇਤੀ ਹੀ ਸਤਿਗੁਰਾਂ ਦੀ ਕਿਰਪਾਲਤਾ ਦੇ ਅਧਿਕਾਰੀ ਬਣ ਗਏ । ਆਪ ਨੇ ਜਦੋਂ 'ਬੰਦਗੀਨਾਮੇ' ਦਾ ਖਰੜਾ ਦਰਬਾਰ ਵਿੱਚ ਪੇਸ਼ ਕੀਤਾ ਤਾਂ ਸਤਿਗੁਰਾਂ ਇਸ ਨੂੰ 'ਜ਼ਿੰਦਗੀਨਾਮਾ' ਨਾਮ ਦਿੰਦਿਆ ਫ਼ੁਰਮਾਇਆ :

ਜ਼ਿ ਆਬਿ ਹੈਵਾਂ ਪੁਰ ਸ਼ੁਦਾ ਚੂ ਜਾਮਿ, ਜ਼ਿੰਦਗੀ-ਨਾਮਾ ਸ਼ੁਦਾ, ਜ਼ਾਂ ਨਾਮਿ ਓ ।

ਗੁਰੂ ਸਾਹਿਬ ਦੇ ਵਿਦਿਆ ਦਰਬਾਰ ਵਿੱਚ ਭਾਈ ਨੰਦ ਲਾਲ ਜੀ ਦੀ ਕੀ ਮਹੱਤਤਾ ਸੀ, ਇਸ ਗੱਲ ਦਾ ਪਤਾ ਸੌ ਸਾਖੀ ਵਿੱਚ ਆਏ ਇਸ ਸੰਕੇਤ ਤੋਂ ਮਿਲਦਾ ਹੈ ਕਿ ਆਮ ਤੌਰ 'ਤੇ ਗੁਰੂ ਸਾਹਿਬ ਆਪ ਨੂੰ ਸਭਾ ਦਾ ਮੁਖੀਆ ਨੀਅਤ ਕਰਦੇ ਸਨ :

'ਸੰਗਤ ਨੋ ਹੁਕਮ ਹੂਆ ਹਮ ਸੇ ਜੋ ਪੂਛਨਾ ਹੈ, ਸੋ ਨੰਦ ਲਾਲ ਬਤਾਵੈਗਾ, ਤਾਂ ਨੰਦ ਲਾਲ ਅਖਾੜਾ ਲਿਖਾਰੀਆਂ ਕਾ ਇੱਕਠਾ ਕੀਆ, ਪਾਤਸ਼ਾਹੀ ਲਿਖਾਰੀ ਅਵਰਿ ਕਵੀਸ਼ਰ ਬੁਲਾਏ ।' (ਅਠਵੰਜਵੀਂ ਸਾਖੀ)

ਇਹੋ ਹੀ ਨਹੀਂ ਕਿ ਭਾਈ ਸਾਹਿਬ ਕੇਵਲ ਆਪਣੀ ਇਲਮੀ ਲਿਆਕਤ ਜਾਂ ਸ਼ਿਅਰਗੋਈ ਕਰਕੇ ਹੀ ਉੱਚਾ ਦਰਜਾ ਰੱਖਦੇ ਸਨ, ਸਿੱਖੀ ਮੰਡਲ ਵਿੱਚ ਆਪ ਦੀ ਸੇਵਾ ਟਹਿਲ ਕਮਾਲ ਦੀ ਸੀ । ਜਦ ਗੁਰੂ ਸਾਹਿਬ ਨੇ ਸਾਰੇ ਸਿੱਖਾਂ ਦੇ ਲੰਗਰਾਂ ਦੀ ਪੜਤਾਲ ਕੀਤੀ ਤਾਂ ਭਾਈ ਸਾਹਿਬ ਦੇ ਲੰਗਰ-ਪ੍ਰਬੰਧ ਨੂੰ ਸਭ ਤੋਂ ਸੁਚੱਜਾ ਤੇ ਵਧੀਆ ਹੋਣ ਦਾ ਸਨਮਾਨ ਮਿਲਿਆ ।

ਜਦੋਂ ਅਨੰਦਪੁਰ ਲੜਾਈਆਂ ਤੇ ਜੰਗਾ ਜੁੱਧਾਂ ਦਾ ਅੱਡਾ ਬਣ ਗਿਆ ਤਾਂ ਮਾਲੂਮ ਹੁੰਦਾ ਹੈ ਕਿ ਗੁਰੂ ਸਾਹਿਬ ਦੀ ਪ੍ਰੇਰਨਾ ਅਨੁਸਾਰ ਬਾਕੀ ਦੇ ਕਵੀਆਂ ਵਾਂਙ ਭਾਈ ਨੰਦ ਲਾਲ ਵੀ ਇਥੋਂ ਚਲੇ ਗਏ । ਸ਼ਹਿਜ਼ਾਦਾ ਮੁਅੱਜ਼ਮ ਨਾਲ ਆਪ ਦਾ ਪੁਰਾਣਾ ਸਨੇਹ ਸੀ, ਇਸ ਲਈ ਉਸ ਨੇ ਫਿਰ ਮੁਲਾਜ਼ਮਤ ਵਿੱਚ ਲੈ ਲਿਆ । 1707 ਵਿੱਚ ਔਰੰਗਜ਼ੇਬ ਦੇ ਦੇਹਾਂਤ ਕਾਰਨ ਜਦ ਸ਼ਹਿਜ਼ਾਦਾ ਮੁਅੱਜ਼ਮ ਤੇ ਆਜ਼ਮ ਦਰਮਿਆਨ ਦਿੱਲੀ ਦੇ ਤਖ਼ਤ ਲਈ ਲੜਾਈ ਹੋ ਰਹੀ ਸੀ ਤਾਂ ਭਾਈ ਨੰਦ ਲਾਲ ਰਾਹੀਂ ਮੁਅੱਜ਼ਮ ਵੱਲੋਂ ਗੁਰੂ ਸਾਹਿਬ ਤੋਂ ਜੰਗੀ ਇਮਦਾਦ ਮੰਗੀ ਗਈ । ਇਸ ਸਮੇਂ ਗੁਰੂ ਜੀ ਨਾਲ ਤਿੰਨ ਕੁ ਸੌ ਸਵਾਰ ਸਨ, ਆਪ ਨੇ ਮੁਅੱਜ਼ਮ ਦੇ ਪਿਉ ਦਾਦੇ ਦੀਆਂ ਕਰਤੂਤਾਂ ਨੂੰ ਨਜ਼ਰਅੰਦਾਜ਼ ਕਰ ਕੇ ਮੱਦਦ ਕੀਤੀ ਤੇ ਜਾਜੋਂ (ਆਗਰਾ ਪਾਸ) ਦੇ ਮੁਕਾਮ 'ਤੇ ਮੁਅੱਜ਼ਮ ਦੀ ਫ਼ਤਹਿ ਹੋਈ ਤੇ ਉਹ 'ਸ਼ਾਹ ਆਲਮ ਬਹਾਦਰ ਸ਼ਾਹ' ਨਾਮ ਧਾਰਨ ਕਰ ਕੇ ਦਿੱਲੀ ਦਾ ਬਾਦਸ਼ਾਹ ਬਣਿਆ । ਇਹ ਭਾਈ ਨੰਦ ਲਾਲ ਜੀ ਦੀ ਸਿਆਣਪ ਸੀ ਕਿ ਆਗਰੇ ਦੇ ਮੁਕਾਮ 'ਤੇ ਗੁਰੂ ਸਾਹਿਬ ਤੇ ਬਹਾਦਰ ਸ਼ਾਹ ਦਰਮਿਆਨ ਮੁਲਾਕਾਤ ਹੋਈ, ਜਿਸ ਵਿੱਚ ਪੰਜਾਬ ਦੇ ਝਗੜਿਆਂ ਨੂੰ ਵਿਚਾਰਿਆ ਗਿਆ । ਇਸ ਤੋਂ ਪਿੱਛੋਂ ਜਦ ਬਹਾਦਰ ਸ਼ਾਹ ਦੱਖਣ ਨੂੰ ਚੜ੍ਹਿਆ ਤਾਂ ਭਾਈ ਨੰਦ ਲਾਲ ਨਾਲ ਹੀ ਸਨ । ਇਸ ਦਾ ਜ਼ਿਕਰ ਅਮਰਨਾਮਾ ਵਿੱਚ ਹੈ:

ਜ਼ ਵੁਜ਼ਰਾਇ ਸੁਲਤਾਂ ਬੁਦਾ ਨੰਦ ਲਾਲ । ਸ਼ੁਦਾ ਹਮਰਹੇ ਸ਼ਾਹਿ ਵਾਲਾ-ਕਮਾਲ ॥੪੨॥

[ ਸੁਲਤਾਨ ਦੇ ਵਜ਼ੀਰਾਂ ਵਿੱਚੋਂ ਇੱਕ ਨੰਦ ਲਾਲ ਸੀ, ਜੋ ਉੱਚੇ ਮਰਾਤਬੇ ਵਾਲੇ ਬਾਦਸ਼ਾਹ ਸਲਾਮਤ ਨਾਲ ਹੋ ਤੁਰਿਆ ।]

ਜਦ ਬੰਦਾ ਬਹਾਦਰ ਨੇ ਪੰਜਾਬ ਵਿੱਚ ਤਰਥੱਲੀ ਮਚਾਈ ਤਾਂ ਬਾਦਸ਼ਾਹ ਨੂੰ ਖ਼ੁਦ ਫ਼ੌਜਕਸ਼ੀ ਕਰ ਕੇ ਇੱਧਰ ਆਉਣਾ ਪਿਆ । ਸ਼ਾਇਦ ਇਸੇ ਸਮੇਂ ਭਾਈ ਸਾਹਿਬ ਪੰਜਾਬ ਆਏ ਤੇ ਨੌਕਰੀ ਤੋਂ ਵਿਹਲਿਆਂ ਹੋ ਕੇ ਮੁਲਤਾਨ ਚਲੇ ਗਏ ਤੇ ਕੁਝ ਅਰਸਾ ਬਾਅਦ ਦੇਹਾਂਤ ਪਾ ਗਏ । ਮਹਾਨ ਕੋਸ਼ ਦੇ ਕਰਤਾ ਨੇ ਆਪ ਦਾ ਦੇਹਾਂਤ 1704 ਈ: ਦਿੱਤਾ ਹੈ, ਪਰ ਨਵੀਂ ਖੋਜ ਦੱਸਦੀ ਹੈ ਕਿ ਚਲਾਣਾ 8-10 ਵਰ੍ਹੇ ਬਾਅਦ ਹੋਇਆ ।

ਭਾਈ ਨੰਦ ਲਾਲ ਫ਼ਾਰਸੀ ਦੇ ਮਹਾਨ ਕਵੀ ਸਨ ਤੇ ਇਸ ਤੋਂ ਬਿਨਾਂ ਉਨ੍ਹਾਂ ਜੋਤਿ ਵਿਗਾਸ ਨਾਮੀ ਹਿੰਦੀ ਰਚਨਾ ਵੀ ਕੀਤੀ ਹੈ, ਜੋਕਿ ਸਤਿਗੁਰ ਮਹਿਮਾ ਦਾ ਸਤੋਤਰ ਹੈ । ਆਪ ਦੇ ਨਾਂ 'ਤੇ ਰਹਿਤਨਾਮਾ ਤੇ ਤਨਖ਼ਾਹਨਾਮਾ ਨਾਮ ਦੀਆਂ ਤਿੰਨ ਹੋਰ ਰਚਨਾਵਾਂ ਵੀ ਮਿਲਦੀਆਂ ਹਨ, ਜਿਨ੍ਹਾਂ ਵਿੱਚ ਸਿੱਖ ਰਹਿਤ ਮਰਯਾਦਾ ਦਾ ਵਰਣਨ ਹੈ, ਭਾਈ ਨੰਦ ਲਾਲ ਪ੍ਰਸ਼ਨ ਕਰਦਾ ਹੈ ਤੇ ਗੁਰੂ ਸਾਹਿਬ ਉੱਤਰ ਦਿੰਦੇ ਹਨ । ਹੋ ਸਕਦਾ ਹੈ, ਇਹ ਭਾਈ ਜੀ ਦੀ ਸ਼ਾਇਦ ਆਪਣੀ ਕ੍ਰਿਤ ਨਾ ਹੋਣ, ਪਰ ਇਸ ਤੋਂ ਇਤਨਾ ਜ਼ਰੂਰ ਸਪੱਸ਼ਟ ਹੈ ਕਿ ਇਹ ਰਹਿਤ ਮਰਯਾਦਾ ਦੱਸਣ ਲਈ ਵੀ ਭਾਈ ਨੰਦ ਲਾਲ ਨੂੰ ਹੀ ਮਾਧਿਅਮ ਬਣਾਇਆ ਗਿਆ ਹੈ । ਇਹ ਉਨ੍ਹਾਂ ਦੀ ਉੱਚ ਹਸਤੀ ਦਾ ਇੱਕ ਹੋਰ ਪ੍ਰਮਾਣ ਹੈ । ਆਪ ਦੀ ਫ਼ਾਰਸੀ ਰਚਨਾ ਸਿੱਖ ਸੰਗਤਾਂ ਵਿੱਚ ਆਦਰ ਸਹਿਤ ਗਾਈ ਜਾਂਦੀ ਹੈ ਤੇ ਇਹ ਮਾਣ ਭਾਈ ਗੁਰਦਾਸ ਤੋਂ ਬਿਨਾਂ ਆਪ ਨੂੰ ਹੀ ਪ੍ਰਾਪਤ ਹੈ ।

ਸਾਹਿੱਤਕ ਨੁਕਤੇ ਤੋਂ ਭਾਈ ਨੰਦ ਲਾਲ ਜੀ ਦੀ ਫ਼ਾਰਸੀ ਸ਼ਾਇਰੀ ਉੱਚ ਦਰਜੇ ਦੀ ਰਹੱਸਵਾਦੀ ਰਚਨਾ ਹੈ ਤੇ ਫ਼ਾਰਸੀ ਦੇ ਕਈ ਮਹਾਨ ਸੂਫ਼ੀ ਕਵੀਆਂ ਨਾਲ ਮੇਲ ਖਾਂਦੀ ਹੈ । ਕਈ ਗ਼ਜ਼ਲਾਂ ਹਾਫ਼ਿਜ਼ ਦੇ ਜਵਾਬ ਵਿੱਚ ਲਿਖੀਆਂ ਗਈਆਂ ਹਨ ਤੇ ਕਈਆਂ ਵਿੱਚ ਮੌਲਾਨਾ ਰੂਮੀ ਵਾਲਾ ਰੰਗ ਹੈ । ਖ਼ੂਬੀ ਇਹ ਹੈ ਕਿ ਭਾਈ ਨੰਦ ਲਾਲ ਨੇ ਸਿੱਖੀ ਸਿਧਾਂਤਾਂ ਨੂੰ

ਬੜੇ ਮਨੋਹਰ ਢੰਗ ਨਾਲ ਉੱਚਾ ਬਣਾ ਕੇ ਪੇਸ਼ ਕੀਤਾ ਹੈ । ਸ਼ਾਇਦ ਅਨੰਦਪੁਰ ਦਰਬਾਰ ਵਿੱਚ ਹੋਰ ਫ਼ਾਰਸੀ ਸ਼ਾਇਰ ਵੀ ਹੋਵਣ ਕਿਉਂਕਿ ਫ਼ਾਰਸੀ ਉਸ ਸਮੇਂ ਦੀ ਸਰਕਾਰੀ ਦਰਬਾਰੀ ਜ਼ਬਾਨ ਸੀ ਪਰ ਹੋਰ ਕਿਸੇ ਕਵੀ ਦੀ ਰਚਨਾ ਨਹੀਂ ਮਿਲਦੀ, ਕੇਵਲ ਭਾਈ ਨੰਦ ਲਾਲ ਦਾ ਹੀ ਕਲਾਮ ਪ੍ਰਾਪਤ ਹੈ ਤੇ ਇਸ ਵਿੱਚ ਉਨ੍ਹਾਂ ਤਖ਼ੱਲਸ 'ਗੋਯਾ' ਵਰਤਿਆ ਹੈ, ਖ਼ਾਸ ਕਰਕੇ ਗ਼ਜ਼ਲਾਂ ਵਿੱਚ । ਰਚਨਾਵਾਂ ਇਹ ਹਨ:

੧.ਦੀਵਾਨਿ ਗੋਯਾ; ੨. ਜ਼ਿੰਦਗੀਨਾਮਾ; ੩. ਗੰਜਨਾਮਾ; ੪. ਤੌਸੀਫ਼ੋਸਨਾ; ੫. ਜੋਤਿ ਵਿਗਾਸ; ੬. ਦਸਤੂਰੁਲ ਇਨਸ਼ਾ; ੭. ਅਰਜ਼ੁਲ ਇਲਫ਼ਾਜ਼; ੮. ਜੋਤਿ ਵਿਗਾਸ (ਹਿੰਦੀ) ।

**ਧੰਨਵਾਦ ਸਾਹਿਤ ਵਿਚੋਂ :- ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਤਨ**

# ਗਤੀਵਿਧੀਆਂ

**ਨਾਨਕਸ਼ਾਹੀ ਜੰਤਰੀ ਅਨੁਸਾਰ ਪੋਹ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ:-**

ਨਾਨਕਸ਼ਾਹੀ ਜੰਤਰੀ ਅਨੁਸਾਰ ਪਹਿਲੀ ਤਰੀਕ ਦਾ ਸਮਾਗਮ ਮਿਤੀ 16-12-2019 ਦਿਨ ਸੋਮਵਾਰ ਨੂੰ ਸ਼ਾਮ 6.00 ਤੋਂ 9.00 ਵਜੇ ਤੱਕ "ਪੋਖਿ ਤੁਖਾਰੁ ਨਾ ਵਿਆਪਈ ਕੰਠਿ ਮਿਲਿਆ ਹਰਿ ਨਾਹ ॥' ਦੇ ਵਿਸ਼ੇ ਤੇ ਸਮਾਗਮ ਗੁਰਮਤਿ ਪ੍ਰਸਾਰ ਭਵਨ ਵਿਖੇ ਆਯੋਜਿਤ ਕੀਤਾ ਗਿਆ ਗੁਰਮਤਿ ਪ੍ਰਸਾਰ ਟ੍ਰੇਨਿੰਗ ਇਨਸਟਿਚਿਊਟ ਦੇ ਵਿਦਿਆਰਥੀਆਂ ਨੇ ਕੀਰਤਨ ਅਤੇ ਭਾਈ ਹਰਵੀਰ ਸਿੰਘ ਵਾਇਸ ਪ੍ਰਿਸੀਪਲ ਨੇ ਕਥਾ ਰਾਹੀਂ ਸੇਵਾ ਨਿਭਾਈ । ।ਉਪ੍ਰੰਤ ਗੁਰੂ ਕਾ ਲੰਗਰ ਅਤੁੱਟ ਵਰਤਿਆ ।

## ਜਨਵਰੀ ਮਹੀਨੇ ਦੇ ਸਮਾਗਮ:-

1. **ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਸਮਾਗਮ:-**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਦਾ ਸਮਾਗਮ ਪ੍ਰਕਾਸ਼ ਪੁਰਬ ਵਾਲੇ ਦਿਨ ਮਿਤੀ 02-01-2020 ਦਿਨ ਵੀਰਵਾਰ ਸਵੇਰ ਨੂੰ 8.00 ਤੋਂ 10.30 ਵਜੇ ਤੱਕ ਸਮਾਗਮ ਗੁਰਮਤਿ ਪ੍ਰਸਾਰ ਭਵਨ, ਛੱਜੂ ਮਾਜਰਾਂ ਰੋਡ,ਸਾਹਮਣੇ ਸੰਨੀ ਇਨਕਲੇਵ ਮੁੰਡੀ ਖਰੜ ਵਿਖੇ ਆਯੋਜਿਤ ਕੀਤਾ ਜਾਵੇਗਾ।ਸਮਾਪਤੀ ਤੇ ਚਾਹ ਪਕੌੜਿਆਂ ਦੇ ਲੰਗਰ ਵਰਤਣਗੇ ।

2. **ਨਾਨਕਸ਼ਾਹੀ ਜੰਤਰੀ ਅਨੁਸਾਰ ਮਾਘ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ:-** ਨਾਨਕਸ਼ਾਹੀ ਜੰਤਰੀ ਅਨੁਸਾਰ ਮਾਘ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ ਮਿਤੀ 14-01-2020 ਦਿਨ ਮੰਗਲਵਾਰ ਸ਼ਾਮ ਨੂੰ 6.00 ਤੋਂ 8.30 ਵਜੇ ਤੱਕ ' ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥' ਦੇ ਵਿਸ਼ੇ ਤੇ ਸਮਾਗਮ ਗੁਰਮਤਿ ਪ੍ਰਸਾਰ ਭਵਨ, ਛੱਜੂ ਮਾਜਰਾਂ ਰੋਡ,ਸਾਹਮਣੇ ਸੰਨੀ ਇਨਕਲੇਵ ਮੁੰਡੀ ਖਰੜ ਵਿਖੇ ਆਯੋਜਿਤ ਕੀਤਾ ਜਾਵੇਗਾ।ਸਮਾਪਤੀ ਤੇ ਗੁਰੂ ਕੇ ਲੰਗਰ ਅਤੁੱਟ ਵਰਤਣਗੇ ।

# ਗੁਰਮਤਿ ਪ੍ਰਸਾਰ ਮੈਡੀਕਲ ਸੇਵਾ ਸੈਂਟਰ

## ਐਸੋਸੀਏਟਸ: ਸੇਵਕਸ ਚੈਰੀਟੇਬਲ ਟ੍ਰੱਸਟ (ਰਜਿ.) ਚੰਡੀਗੜ੍ਹ

ਸੋਸਾਇਟੀ ਵਲੋਂ ਚਲਾਏ ਜਾ ਰਹੇ ਮੈਡੀਕਲ ਸੇਵਾ ਸੈਂਟਰ ਵਿਚ ਦਿਤੀਆਂ ਜਾ ਰਹੀਆਂ ਸੇਵਾਵਾਂ ਦਾ ਸੰਗਤਾਂ ਭਰਵਾਂ ਲਾਭ ਉਠਾ ਰਹੀਆਂ ਹਨ। ਦਸੰਬਰ 2019 ਮਹੀਨੇ ਦੇ ਅੰਕੜੇ ਇਸ ਪ੍ਰਕਾਰ ਹਨ।

| | Name of Deptt. | No. of Patients | | |
|---|---|---|---|---|
| | | New | Old | Total |
| 1 | General Medical | 60 | 140 | 200 |
| 2 | Eye | 16 | 34 | 50 |
| 3 | E.N.T. | 05 | 19 | 24 |
| 3 | Cardiology | 08 | 41 | 49 |
| 4 | Dental | 17 | 71 | 88 |
| 5 | Gynaecology | 02 | 13 | 15 |
| 6 | Homoeopathy | 27 | 336 | 363 |
| | Total | 135 | 654 | 789 |
| | Laboratory | 128 | | 128 |

## ਧੰਨਵਾਦਿ :

## ਦਸੰਬਰ 2019 ਦੌਰਾਨ ਪ੍ਰਾਪਤ ਸਹਾਇਤਾ ਦਾ ਵੇਰਵਾ:–

1. Sardarni Agya Joginder Singh #1546/33D 50,000/-
2. Capt. Agya Pal Singh Khuman #33/Maker Chamber III/ Nariman Point/Mumbai-400021 1,00,000/-
3. Bibi Surinderjit Kaur #22/Meri Gold/Mundi Kharar 10,000/-
4. Mr. H.S. Ahuja #179B/Sunny Enclave/Kharar 3,780/-
5. S. Surjit Singh #589/Silver Enclave/M. Kharar 500/-
6. S. Tarlochan Singh #1600/Sector- 34D/Chd 30,000/-
7. S. Surinder Singh # 303/Sector-20A/Chd 800/-
8. Bibi Jasleen Kaur #1369/Sector- 40B/Chd 800/-
9. Bibi Rajleen Kaur #836/Phase- II/Mohali 500/-
10. Bibi. Harleen Kaur Sarna #107G, Shivalik Vihar Naya Goan, Mohali 500/-
11. Bibi Harpreet Kaur #461/Sec 44A/Chd 1,000/-
12. S. Harsharnpal Singh Bhatia #461/Sec. 44A 1,000/-
13. Bibi Gurdeep Kaur #461/Sec. 44A/Chd 1,000/-
14. S. Narinder Bir Singh #1444/Sector- 34C/Chd 2,000/-
15. Bibi Surjit Kaur #1444/Sector- 34C/Chd 2,000/-
16. S. Jasbir Singh Maini #402/Som Dutt Land Mark/Kharar 1,000/-
17. Bibi Reema Kaur # 1038/Sector-70/Mohali 500/-
18. Bibi Rupinder Kaur # 1037/Sector-70/Mohali 500/-
19. Bibi Anita Kaur # 1489/Sector-43C/Chd 500/-
20. Bibi Rita Kaur/ Mohali 500/-
21. Bibi Raminder Kaur/ Mohali 500/-
22. S. Lovepreet Singh/ Mundi Kharar 100/-
23. S. Darshan Singh/ Mundi Kharar 200/-
24. S. Satnam Singh/ Mundi Kharar 100/-
25. S. Sukhdeep Singh/ Mundi Kharar 500/-
26. S. Naunihal Singh/ Mundi Kharar 500/-
27. S. Jagjit Singh/ Mundi Kharar 100/-
28. S. Harjinder Singh/ Mundi Kharar 100/-
29. Bibi Surjit Kaur/ Mundi Kharar/ Mohali 100/-
30. S. Amarpreet Singh S/O S. B.M. Singh # 416, /Sector-44A/ Chd 1,000/-
31. Mr. Imtiaz/ L.I.C. Colony/ Mundi Kharar 105/-
32. S. Gurbaksh Singh # 543A/Model Town Extention/Ludhiana 10,000/-
33. S. N.P.S. Shinh 78/Dream Valley Near OU Colony/Sheikpet/Hyderabad 60,000/-
34. S. Charan Singh Khuman # 1390/Sec-33C 60,000/-
35. S. Jasbir Singh Julka #1263/Sector-37B/Chd 5,000/-
36. Dr. Saranjit Singh # 2817/Phase-7/Mohali 2,000/-
37. S. Tarundeep Singh Sachar #EA-136/Maya Enclave/New Delhi 19,000/-
38. Mrs. Arvinder Kaur/Dugri Road/Ludhiana 750/-
39. Mrs. Sapna Mahajan #26/Sunny Enc./Mohali 21,300/-
40. Bibi Ishminder Kaur #3902/Sector-22D/Chd 35,000/-
41. S. Arvinder Singh/ Ludhiana 1880/-
42. Col. Ranjit Singh (H.U.F.) # 207/Sector-33A 2,500/-
43. Col. Ranjit Singh # 207/Sector-33A/Chd 3,000/-
44. Bibi Preetinder Kaur E-3/Greater Kailash/Part-1/New Delhi 15,000/-
45. S. Chandeep Singh # 99/Phase-3BI/Mohali 10,000/-

**ਬੇਨਤੀ**

ਆਪਣੇ ਦਸਵੰਧ ਵਿੱਚੋਂ ਵੱਧ ਤੋਂ ਵੱਧ ਮਾਇਆ ਸੋਸਾਇਟੀ ਦੇ ਕਾਰਜਾਂ ਲਈ ਭੇਜ ਕੇ ਗੁਰਮਤਿ ਪ੍ਰਸਾਰ ਵਿੱਚ ਯੋਗਦਾਨ ਪਾਓ ਤੇ ਗੁਰੂ ਦੀਆਂ ਅਸੀਸਾਂ ਪ੍ਰਾਪਤ ਕਰੋ ਜੀ। ਮਾਇਆ ਚੈੱਕ ਰਾਹੀਂ ਵੀ ਭੇਜੀ ਜਾ ਸਕਦੀ ਹੈ। ਸੋਸਾਇਟੀ ਦਾ SB A/c No.07111000004108, IFS Code: PSIB0000711 PAN No. AAATG4268N ਪੰਜਾਬ ਐਂਡ ਸਿੰਧ ਬੈਂਕ, ਸੈਕਟਰ 36, ਚੰਡੀਗੜ੍ਹ ਵਿਖੇ ਹੈ ਜੀ। ਸੋਸਾਇਟੀ ਨੂੰ ਭੇਜੀ ਗਈ ਮਾਇਆ ਤੇ Income Tax ਦੀ ਧਾਰਾ 80-G ਦੇ ਅੰਤਰਗਤ ਛੋਟ ਉਪਲਬਧ ਹੈ।